JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



To view our online newspaper visit punjabipost.ca/epaper | Vol 21* Issue 134 | Friday, July 08, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


## ਵੈਕਸੀਨ ਨਿਰਮਾਤਾ ਮੈਡੀਕਾਗੋ ਦੇ ਸ਼ੇਅਰ ਖਰੀਦਣ ਦਾ ਸਰਕਾਰ ਦਾ ਕੋਈ ਇਰਾਦਾ ਨਹੀਂ : ਸ਼ੈਂਪੇਨ



ਓਟਵਾ, 7 ਜੁਲਾਈ (ਪੋਸਟ ਬਿਊਰੋ) : ਕੋਵਿਡ-19 ਦੀ ਵੈਕਸੀਨ ਤਿਆਰ ਕਰਨ ਵਾਲੀ ਇੱਕਮਾਤਰ ਘਰੇਲੂ ਕੰਪਨੀ ਦੇ ਸ਼ੇਅਰ ਖਰੀਦਣ ਦਾ ਫੈਡਰਲ ਸਰਕਾਰ ਦਾ ਕੋਈ ਇਰਾਦਾ ਨਹੀਂ ਹੈ ਪਰ ਸਰਕਾਰ ਮੈਡੀਕਾਗੋ ਦੀ ਪੇਰੈਂਟ ਕੰਪਨੀ ਨਾਲ ਇਸ ਦਾ ਕੋਈ ਹੱਲ ਕੱਢਣ ਸਬੰਧੀ ਗੱਲ ਕਰ ਰਹੀ ਹੈ।

ਪਿਛਲੇ ਹਫਤੇ ਤੋਂ ਇਨੋਵੇਸ਼ਨ, ਸਾਇੰਸ ਤੇ ਇੰਡਸਟਰੀ ਮੰਤਰੀ ਫਰੈਂਕੌਇਸ-ਫਿਲਿਪ ਸ਼ੈਂਪੇਨ ਜਾਪਾਨ ਵਿੱਚ ਹਨ। ਉੱਥੇ ਉਹ ਇਲੈਕਟ੍ਰਿਕ ਵ੍ਹੀਕਲ ਤੇ ਉਨ੍ਹਾਂ ਨੂੰ ਪਾਵਰ ਦੇਣ ਵਾਲੀਆਂ ਬੈਟਰੀਜ਼ ਦੇ ਉਤਪਾਦਨ ਲਈ ਕੈਨੇਡਾ ਨੂੰ ਚੰਗੀ ਲੋਕੇਸ਼ਨ ਦੱਸਣ ਲਈ ਪੈਰਵੀ ਕਰ ਰਹੇ ਹਨ।

ਮਿਸੂਬਿਸ਼ੀ ਤਾਨਾਬੇ ਫਾਰਮਾ ਤੇ ਮਿਸੁਬਿਸ਼ੀ ਕੈਮੀਕਲ, ਜਿਸ ਦੀ ਮੈਡੀਕਾਗੋ ਵਿੱਚ 79 ਫੀ ਸਦੀ ਹਿੱਸੇਦਾਰੀ ਹੈ, ਦੇ ਪ੍ਰੈਜ਼ੀਡੈਂਟਸ ਨਾਲ ਮੀਟਿੰਗ ਵਿੱਚ ਸ਼ੈਂਪੇਨ ਨੇ ਆਖਿਆ ਕਿ ਉੱਥੇ ਕੰਪਨੀ ਦੇ ਭਵਿੱਖ ਵਿੱਚ ਗਲੋਬਲ ਵੈਕਸੀਨ ਨਿਰਮਾਤਾ ਵਜੋਂ ਗੱਲਬਾਤ ਵੀ ਹੋਈ। ਜ਼ਿਕਰਯੋਗ ਹੈ ਕਿ ਇਸ ਦੀ ਬਾਇਓਫਾਰਮਾਸਿਊਟੀਕਲ ਵੈਕਸੀਨ ਨੂੰ ਡਬਲਿਊਐਚਓ ਵੱਲੋਂ ਨਕਾਰ ਦਿੱਤਾ ਗਿਆ ਸੀ ਕਿਉਂਕਿ ਤੰਬਾਕੂ ਕੰਪਨੀ ਫਿਲਿਪ ਮੌਰਿਸ ਵੀ ਇਸ ਵਿੱਚ ਥੋੜ੍ਹੀ ਹਿੱਸੇਦਾਰੀ ਰੱਖਦੀ ਹੈ ਤੇ ਸੰਯੁਕਤ ਰਾਸ਼ਟਰ ਏਜੰਸੀ ਦੀ ਇਹ ਸਖ਼ਤ ਨੀਤੀ ਹੈ ਕਿ ਤੰਬਾਕੂ ਇੰਡਸਟਰੀ ਨਾਲ ਕਿਸੇ ਵੀ ਤਰ੍ਹਾਂ ਦਾ ਰਾਬਤਾ ਨਾ ਰੱਖਿਆ ਜਾਵੇ।

ਕੋਵੀਫੈਂਜ਼ ਵੈਕਸੀਨ ਨੂੰ ਫਰਵਰੀ ਵਿੱਚ ਹੈਲਥ ਕੈਨੇਡਾ ਵੱਲੋਂ 18 ਤੋਂ 64 ਸਾਲ ਦੇ ਬਾਲਗਾਂ ਦੇ ਟੀਕਾਕਰਣ ਲਈ ਲਾਇਸੰਸ ਜਾਰੀ ਕੀਤਾ ਗਿਆ ਸੀ। ਫੈਡਰਲ ਸਰਕਾਰ ਵੱਲੋਂ ਘੱਟ ਆਮਦਨ ਵਾਲੇ ਦੇਸ਼ਾਂ ਦੀ ਮਦਦ ਲਈ ਵੈਕਸੀਨ ਡੋਨੇਟ ਕਰਨ ਵਾਸਤੇ ਕੰਪਨੀ ਨਾਲ 76 ਮਿਲੀਅਨ ਡੋਜ਼ਾਂ ਖਰੀਦਣ ਦਾ ਕਾਂਟਰੈਕਟ ਵੀ ਹੋਇਆ ਸੀ। ਪਰ ਡਬਲਿਊਐਚਓ ਦੀ ਮਨਜ਼ੂਰੀ ਤੋਂ ਬਿਨਾਂ ਡੋਨੇਸ਼ਨਜ਼ ਦੀ ਇਜਾਜ਼ਤ ਨਹੀਂ ਹੈ।

## ਬ੍ਰਾਊਨ ਨੇ ਤੀਜੀ ਪਾਰਟੀ ਕੰਪਨੀ ਰਾਹੀਂ ਕਰਵਾਈ ਸੀ ਵ੍ਹਿਸਲਬਲੋਅਰ ਨੂੰ ਅਦਾਇਗੀ ?



ਓਟਵਾ, 7 ਜੁਲਾਈ (ਪੋਸਟ ਬਿਊਰੋ) : ਲੰਮੇਂ ਸਮੇਂ ਤੋਂ ਕੰਜ਼ਰਵੇਟਿਵ ਪਾਰਟੀ ਦੀ ਪ੍ਰਬੰਧਕ ਰਹੀ ਡੈਬਰਾ ਜੋਡੋਇਨ ਨੇ ਆਖਿਆ ਕਿ ਪੈਟ੍ਰਿਕ ਬ੍ਰਾਊਨ ਦੀ ਕੈਂਪੇਨ ਉੱਤੇ ਕੰਮ ਕਰਦਿਆਂ ਉਸ ਨੂੰ ਤੀਜੀ ਪਾਰਟੀ ਕੰਪਨੀ ਤੋਂ ਪੇਅਮੈਂਟ ਦਿਵਾਉਣ ਦੇ ਮਾਮਲੇ ਵਿੱਚ ਬ੍ਰਾਊਨ ਖੁਦ ਸ਼ਾਮਲ ਸੀ।

ਵੀਰਵਾਰ ਸ਼ਾਮ ਨੂੰ ਜੋਡੋਇਨ ਨੇ ਆਪਣੇ ਵਕੀਲ ਰਾਹੀਂ ਇੱਕ ਬਿਆਨ ਜਾਰੀ ਕਰਕੇ ਇਹ ਦਾਅਵਾ ਕੀਤਾ। ਇੱਥੇ ਦੱਸਣਾ ਬਣਦਾ ਹੈ ਕਿ ਬ੍ਰਾਊਨ ਦੇ ਸਬੰਧ ਵਿੱਚ ਵ੍ਹਿਸਲਬਲੋਅਰ ਕੋਈ ਹੋਰ ਨਹੀਂ ਸਗੋਂ ਜੋਡੋਇਨ ਹੀ ਸੀ। ਪਾਰਟੀ ਦੀ ਲੀਡਰਸ਼ਿਪ ਇਲੈਕਸ਼ਨ ਆਰਗੇਨਾਈਜ਼ਿੰਗ ਕਮੇਟੀ ਦੇ ਚੇਅਰਮੈਨ ਨੇ ਆਖਿਆ ਕਿ ਮੰਗਲਵਾਰ ਨੂੰ ਉਨ੍ਹਾਂ ਦੇ ਮੈਂਬਰਾਂ ਨੇ ਗੜਬੜੀ ਦਾ ਪਤਾ ਲੱਗਣ ਤੋਂ ਬਾਅਦ ਬ੍ਰਾਊਨ ਨੂੰ ਡਿਸਕੁਆਲੀਫਾਈ ਕਰਨ ਲਈ ਵੋਟਿੰਗ ਕੀਤੀ ਜਿਸ ਵਿੱਚ ਬ੍ਰਾਊਨ ਦੇ ਹੱਕ ਵਿੱਚ ਛੇ ਤੇ ਵਿਰੋਧ ਵਿੱਚ 11 ਵੋਟਾਂ ਪਈਆਂ।

ਹਾਲਾਂਕਿ ਪਾਰਟੀ ਵੱਲੋਂ ਦੋਸ਼ਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ ਪਰ ਇਹ ਜ਼ਰੂਰ ਆਖਿਆ ਗਿਆ ਕਿ ਕੈਨੇਡਾ ਇਲੈਕਸ਼ਨਜ਼ ਐਕਟ ਤਹਿਤ ਵਿੱਤੀ ਨਿਯਮਾਂ ਵਿੱਚ ਦਖ਼ਲਅੰਦਾਜ਼ੀ ਕਰਨ ਦੇ ਦੋਸ਼ ਲੱਗਣ ਤੋਂ ਬਾਅਦ ਇਹ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਉਨ੍ਹਾਂ ਆਖਿਆ ਕਿ ਇਹ ਦੋਸ਼ ਕਿਸੇ ਹੋਰ ਨੇ ਨਹੀਂ ਸਗੋਂ ਉਨ੍ਹਾਂ ਦੀ ਪਾਰਟੀ ਦੇ ਅੰਦਰੋਂ ਹੀ ਕਿਸੇ ਵੱਲੋਂ ਲਗਾਏ ਗਏ। ਜੋਡੋਇਨ ਦੇ ਲੀਗਲ ਕਾਊਂਸਲ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਉਸ ਨੇ ਖੁਦ ਨੂੰ ਵ੍ਹਿਸਲਬਲੋਅਰ ਦੱਸਿਆ।

ਜੋਡੋਇਨ ਨੇ ਆਪਣੇ ਬਿਆਨ ਵਿੱਚ ਦੱਸਿਆ ਕਿ ਬ੍ਰਾਊਨ ਦੀ ਕੈਂਪੇਨ ਲਈ ਉਸ ਨੇ ਮਈ ਤੋਂ ਜੂਨ ਦੀ ਸ਼ੁਰੂਆਤ ਤੱਕ ਰੀਜਨਲ ਆਰਗੇਨਾਈਜ਼ਰ ਵਜੋਂ ਥੋੜ੍ਹੇ ਸਮੇਂ ਲਈ ਉਨ੍ਹਾਂ ਦੀ ਬੇਨਤੀ ਉੱਤੇ ਕੰਮ ਕੀਤਾ। ਜੋਡੋਇਨ ਨੇ ਆਖਿਆ ਕਿ ਬ੍ਰਾਊਨ ਨੇ ਉਨ੍ਹਾਂ ਨੂੰ ਦੱਸਿਆ ਕਿ ਕੰਪਨੀ ਵੱਲੋਂ ਸਲਾਹਕਾਰ ਵਜੋਂ ਤੁਹਾਨੂੰ ਨਿਯੁਕਤ ਕੀਤੇ ਜਾਣ ਦੀ ਇਜਾਜ਼ਤ ਹੈ ਤੇ ਫਿਰ ਉਹ ਕੰਪਨੀ ਤੁਹਾਨੂੰ ਵਾਲੰਟੀਅਰ ਵਜੋਂ ਕੈਂਪੇਨ ਨਾਲ ਜੋੜ ਦੇਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਬ੍ਰਾਊਨ ਨੇ ਇਸ ਮਕਸਦ ਲਈ ਉਸ ਨੂੰ ਟੈਕਸਟ ਮੈਸੇਜ ਨਾਲ ਵੀ ਜੋੜਿਆ।

ਜੋਡੋਇਨ ਨੇ ਆਖਿਆ ਕਿ ਉਸ ਨੂੰ ਇਸ ਸਾਰੇ ਪ੍ਰਬੰਧ ਕਾਰਨ ਚਿੰਤਾ ਹੋਈ ਤੇ ਇਹ ਸ਼ੱਕ ਵੀ ਹੋਇਆ ਕਿ ਇਹ ਸੱਭ ਠੀਕ ਨਹੀਂ ਹੈ। ਉਸ ਨੇ ਅੱਗੇ ਆਖਿਆ ਕਿ ਜੂਨ ਵਿੱਚ ਉਸ ਨੇ ਬ੍ਰਾਊਨ ਨੂੰ ਪੁੱਛਿਆ ਕਿ ਉਸ ਦਾ ਖਰਚਾ ਕੈਂਪੇਨ ਚੁੱਕੇਗੀ ਤਾਂ ਉਨ੍ਹਾਂ ਹੈਰਾਨ ਹੁੰਦਿਆਂ ਆਖਿਆ ਕਿ ਉਹ ਇਸ ਬਾਰੇ ਹੱਲ ਕੱਢ ਰਹੇ ਹਨ। ਜੋਡੋਇਨ ਨੇ ਦੱਸਿਆ ਕਿ ਉਸ ਦੇ ਖਰਚੇ ਦੀ ਅਦਾਇਗੀ ਕਿਸੇ ਕਾਰਪੋਰੇਸ਼ਨ ਵੱਲੋਂ ਕੀਤੀ ਗਈ ਨਾ ਕਿ ਬ੍ਰਾਊਨ ਦੀ ਕੈਂਪੇਨ ਵੱਲੋਂ।

ਉਸ ਦੇ ਵਕੀਲ ਜੇਸਨ ਬੇਚਮੈਨ ਨੇ ਆਖਿਆ ਕਿ ਜੋਡੋਇਨ ਨੇ ਆਪਣੀ ਚਿੰਤਾ ਪਾਰਟੀ ਨਾਲ ਸਾਂਝੀ ਕੀਤੀ ਤੇ ਉਸ ਦੀ ਬੇਨਤੀ ਉੱਤੇ ਹੀ ਅਧਿਕਾਰੀਆਂ ਨੇ ਉਸ ਦਾ ਨਾਂ ਗੁਪਤ ਰੱਖਿਆ। ਉਸ ਨੇ ਆਖਿਆ ਕਿ ਉਹ ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦੀ ਮੈਂਬਰ ਹੈ ਤੇ ਪਿਛਲੇ 22 ਸਾਲਾਂ ਤੋਂ ਪਾਰਟੀ ਨਾਲ ਜੁੜੀ ਹੋਈ ਹੈ। ਇਸ ਅਰਸੇ ਦੌਰਾਨ ਉਸ ਨੇ ਕਈ ਕੈਂਪੇਨਜ਼ ਦਾ ਪ੍ਰਬੰਧ ਵੀ ਕੀਤਾ ਹੈ। ਇਸ ਸਬੰਧ ਵਿੱਚ ਬ੍ਰਾਊਨ ਦੀ ਕੈਂਪੇਨ ਵੱਲੋਂ ਅਜੇ ਤੱਕ ਕੋਈ ਟਿੱਪਣੀ ਨਹੀਂ ਕੀਤੀ ਗਈ ਹੈ।

## ਹਰਦੀਪ ਗਰੇਵਾਲ ਵੱਲੋਂ ਪ੍ਰਮਾਤਮਾ ਦੇ ਸ਼ੁਕਰਾਨੇ ਵਜੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਭਲਕੇ



ਬਰੈਂਪਟਨ, 7 ਜੁਲਈ (ਪੋਸਟ ਬਿਊਰੋ): 2 ਜੂਨ ਨੂੰ ਹੋਈ ਓਂਟਾਰੀਓ ਸੂਬੇ ਦੀ ਚੋਣ ਦੌਰਾਨ ਪੀਸੀ ਪਾਰਟੀ ਵਲੋਂ ਬਰੈਂਪਟਨ ਈਸਟ ਤੋਂ ਐਮ ਪੀ ਪੀ ਦੀ ਚੋਣ ਜਿੱਤਣ ਵਾਲੇ ਹਰਦੀਪ ਸਿੰਘ ਗਰੇਵਾਲ ਵੱਲੋਂ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਇਸ ਸ਼ਨਿਚਰਵਾਰ 9 ਜੁਲਾਈ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਅਰਦਾਸ ਕਰਵਾਈ ਜਾ ਰਹੀ ਹੈ।

-ਪ੍ਰੋਗਰਾਮ-
Saturday July 9th
From 10am to 12pm
Darbar Sri Guru Granth Sahib ji
187 Deerhurst Dr,
Brampton, On, L6T 5K3

ਇਹ ਪ੍ਰੋਗਰਾਮ Darbar Sri Guru Granth Sahib ji ਗੁਰਦੁਆਰਾ ਸਾਹਿਬ ਵਿਖੇ ਜੋ ਕਿ 187 Deerhurst Dr, Brampton, On, L6T 5K3 ਸਥਿਤ ਹੈ, ਪ੍ਰੋਗਰਾਮ ਰੱਖੇ ਗਏ ਹਨ। ਪ੍ਰੋਗਰਾਮ ਦਾ ਸਮਾਂ 10 ਵਜੇ ਤੋਂ ਲੈ ਕੇ 12 ਵਜੇ ਤੱਕ ਹੈ। ਹਰਦੀਪ ਗਰੇਵਾਲ ਅਤੇ ਸਮੂਹ ਗਰੇਵਾਲ ਪਰਿਵਾਰ ਵੱਲੋਂ ਉਨ੍ਹਾਂ ਸਾਰੇ ਭੈਣ ਭਰਾਵਾਂ ਨੂੰ ਜਿਨ੍ਹਾਂ ਵੱਲੋਂ ਇਸ ਚੋਣ ਮੁਹਿੰਮ ਸਹਿਯੋਗ ਦਿੱਤਾ ਗਿਆ ਸਭ ਅਤੇ ਸਮੂਹ ਸੰਗਤ ਨੂੰ ਖੁੱਲ੍ਹਾ ਸੱਦਾ ਹੈ ਕਿ ਇਸ ਸਮਾਗਮ ਵਿੱਚ ਪਹੁੰਚ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕਰਦੇ ਹੋਏ ਇਸ ਸ਼ੁਕਰਾਨੇ ਦੀ ਅਰਦਾਸ ਵਿਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ। ਸਮਾਗਮ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

## ਪਾਰਟੀ ਵੱਲੋਂ ਬਗਾਵਤੀ ਸੁਰ ਅਪਨਾਉਣ ਤੋਂ ਬਾਅਦ ਅਸਤੀਫਾ ਦੇਣਗੇ ਬੌਰਿਸ ਜੌਹਨਸਨ



ਲੰਡਨ, 7 ਜੁਲਾਈ (ਪੋਸਟ ਬਿਊਰੋ) : ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਆਖਿਰਕਾਰ ਵੀਰਵਾਰ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਲਈ ਹਾਮੀ ਭਰ ਹੀ ਦਿੱਤੀ। ਆਪਣੀ ਹੀ ਪਾਰਟੀ ਵਿੱਚ ਵਿਰੋਧ ਦਾ ਸਾਹਮਣਾ ਕਰ ਰਹੇ ਜੌਹਨਸਨ ਨੂੰ ਸਰਕਾਰ ਨਹੀਂ ਚਲਾਉਣ ਦਿੱਤੀ ਜਾ ਰਹੀ ਸੀ। ...ਬਾਕੀ ਪੰਨਾ 6 'ਤੇ

## ਕੋਵਿਡ-19 ਖਿਲਾਫ ਬਜ਼ਾਰ ਵਿੱਚ ਉਤਾਰੀਆਂ ਜਾਣਗੀਆਂ ਹੁਣ ਬਾਇਵਲੈਂਟ ਵੈਕਸੀਨਜ਼ !



ਓਟਵਾ, 7 ਜੁਲਾਈ (ਪੋਸਟ ਬਿਊਰੋ) : ਸਾਲ ਦੇ ਅੰਤ ਤੱਕ ਕੋਵਿਡ-19 ਦੀ ਇੱਕ ਹੋਰ ਵੇਵ ਆਉਣ ਦੀਆਂ ਕਨਸੋਆਂ ਦੇ ਚੱਲਦਿਆਂ ਇੱਕ ਹੋਰ ਬੂਸਟਰ ਵੈਕਸੀਨ ਕੈਂਪੇਨ ਦੀ ਸੰਭਾਵਨਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਵਾਇਰਸ ਹੋਰ ਕਿਹੜਾ ਰੂਪ ਅਖ਼ਤਿਆਰ ਕਰੇਗਾ ਤੇ ਨਵੀਂ ਵੈਕਸੀਨ ਕਿਹੋ ਜਿਹੀ ਸੁਰੱਖਿਆ ਮੁਹੱਈਆ ਕਰਵਾ ਸਕੇਗੀ।

ਕਈ ਵੈਕਸੀਨ ਨਿਰਮਾਤਾ ਇਸ ਸਮੇਂ ਬਹੁਤੇ ਕੇਸਾਂ ਲਈ ਜ਼ਿੰਮੇਵਾਰ ਮੰਨੇ ਜਾ ਰਹੇ ਓਮਾਈਕ੍ਰੌਨ ਵੇਰੀਐਂਟ ਨੂੰ ਧਿਆਨ ਵਿੱਚ ਰੱਖਕੇ ਨਵੇਂ ਫੌਰਮੂਲੇ ਤਿਆਰ ਕਰ ਰਹੀਆਂ ਹਨ ਜਦਕਿ ਪਾਲਿਸੀਮੇਕਰਜ਼ ਵੱਡੀ ਪੱਧਰ ਉੱਤੇ ਕੰਮ ਵਿੱਚ ਆਉਣ ਵਾਲੀ ਵੈਕਸੀਨ ਲਈ ਆਧਾਰ ਤਿਆਰ ਕਰਨ ਵਿੱਚ ਰੁੱਝੇ ਹੋਏ ਹਨ। ਇਹ ਵੀ ਕਿਆਫੇ ਲਾਏ ਜਾ ਰਹੇ ਹਨ ਕਿ ਭਵਿੱਖ ਵਿੱਚ ਫਲੂ ਸੀਜ਼ਨ ਸ਼ੁਰੂ ਹੋਣ ਸਮੇਂ ਇਸ ਤਰ੍ਹਾਂ ਦੇ ਕੋਵਿਡ-19 ਦੇ ਵਧੇ ਹੋਏ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਤਥਾ-ਕਥਿਤ ਬਾਇਵਲੈਂਟ ਟੀਕਾ ਅਸਰਦਾਰ ਹੋ ਸਕਦਾ ਹੈ। ਇਸ ਨਾਲ ਪਹਿਲਾਂ ਹੀ ਬੋਝ ਥੱਲੇ ਦੱਬੇ ਹੈਲਥ ਕੇਅਰ ਸਿਸਟਮ ਨੂੰ ਵੀ ਰਾਹ ਮਿਲ ਸਕਦੀ ਹੈ।

ਇਸ ਸਮੇਂ ਉਪਲਬਧ ਕੋਵਿਡ-19 ਵੈਕਸੀਨਜ਼ ਮੋਨੋਵਲੈਂਟ ਹਨ, ਭਾਵ ਇਨ੍ਹਾਂ ਨੂੰ ਅਸਲੀ ਨੋਵਲ ਕਰੋਨਾਵਾਇਰਸ ਨੂੰ ਠੱਲ੍ਹ ਪਾਉਣ ਲਈ ਤਿਆਰ ਕੀਤਾ ਗਿਆ। ਪ੍ਰਸਤਾਵਿਤ ਬਾਇਵਲੈਂਟ ਵੈਕਸੀਨਜ਼ ਪੁਰਾਣੇ ਸਟਰੇਨ ਦੇ ਨਾਲ ਨਾਲ ਓਮਾਈਕ੍ਰੌਨ ਸਟਰੇਨ ਵਿੱਚ ਹੋਣ ਵਾਲੇ ਵਾਧੇ ਨੂੰ ਰੋਕਣ ਲਈ ਤਿਆਰ ਕੀਤੀਆਂ ਜਾਣਗੀਆਂ। ਜ਼ਿਕਰਯੋਗ ਹੈ ਕਿ ਓਮਾਈਕ੍ਰੌਨ ਸਟਰੇਨ ਦੇ ਅੱਗ ਵੀ ਕਈ ਸਬਵੇਰੀਐਂਟ ਹਨ ਜਿਹੜੇ ਅੱਜ ਹੋਣ ਵਾਲੀਆਂ ਕਈ ਇਨਫੈਕਸ਼ਨਜ਼ ਲਈ ਜ਼ਿੰਮੇਵਾਰ ਹਨ।


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
•Life Insurance •Super Visa Insurance
•Critical illness Ins • Mortgage Insurance
•Travel & Visitor Ins • Disability Insurance
•RESP & TFSA & RRSP • Funeral Insurance
SIMRAN SAINI
416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

MANN LAW FIRM
- Real Estate Law • Business Law
- Wills & Estates • Family Law
- Power of Attorney • Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਟਰੱਕਿੰਗ ਇੰਡਸਟਰੀ ਨਾਲ ਜੁੜੇ ਲੋਕ ਸਖ਼ਤ ਮਿਹਨਤ ਕਰਨ ਵਾਲੇ ਹਨ : ਫ੍ਰੀਲੈਂਡ





ਬਰੈਂਪਟਨ, 7 ਜੁਲਾਈ (ਪੋਸਟ ਬਿਊਰੋ): ਕੈਨੇਡਾ ਦੇ ਡਿਪਟੀ ਪ੍ਰਾਈਮ ਮਨਿਸਟਰ ਅਤੇ ਮਨਿਸਟਰ ਆਫ ਫਾਇਨੈਂਸ ਕ੍ਰਿਸਟੀਆ ਫਰੀਲੈਂਡ ਵੱਲੋਂ ਬੀਤੇ ਦਿਨੀਂ ਟੋਰਾਂਟੋ ਸਥਿਤ ਕੇ ਜੇ ਐੱਸ ਟਰਾਂਸਪੋਰਟ ਦਾ ਦੌਰਾ ਕੀਤਾ ਗਿਆ। ਜਿੱਥੇ ਉਨ੍ਹਾਂ ਨੇ ਕੇ ਜੇ ਐੱਸ ਟਰਾਂਸਪੋਰਟ ਦੇ ਸਟਾਫ ਨਾਲ ਗੱਲਾਂ-ਬਾਤਾਂ ਕੀਤੀਆਂ ਉੱਥੇ ਮਕੈਨਿਕ ਸ਼ਾਪ ਵਿਚ ਕੰਮ ਕਰ ਰਹੇ ਮਕੈਨਿਕਾਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਨੇ ਟਰੱਕਿੰਗ ਇੰਡਸਟਰੀ ਨਾਲ ਜੁੜੇ ਹੋਏ ਲੋਕਾਂ ਦੀ ਸ਼ਲਾਘਾ ਕੀਤੀ।

ਕ੍ਰਿਸਟੀਆ ਫਰੀਲੈਂਡ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਹੋਇਆਂ ਦੱਸਿਆ ਕਿ ਮਹਾਂਮਾਰੀ ਦੌਰਾਨ ਜੇਕਰ ਕਿਸੇ ਨੇ ਫਰੰਟ ਲਾਈਨ ਉੱਤੇ ਆ ਕੇ ਦਿਨ ਰਾਤ ਕੰਮ ਕੀਤਾ ਤਾਂ ਉਨ੍ਹਾਂ ਵਿਚੋਂ ਟਰੱਕਿੰਗ ਇੰਡਸਟਰੀ ਵਾਲੇ ਲੋਕਾਂ ਦਾ ਵੀ ਨਾਂ ਆਉਂਦਾ ਹੈ। ਉਨ੍ਹਾਂ ਨੇ ਟਰੱਕਿੰਗ ਇੰਡਸਟਰੀ ਨਾਲ ਜੁੜੇ ਲੋਕਾਂ ਨੂੰ ਸਖ਼ਤ ਮਿਹਨਤ ਕਰਨ ਵਾਲੇ ਲੋਕ ਦੱਸਿਆ। ਯਾਦ ਰਹੇ ਕਿ ਫਰੀਡਮ ਕਾਨਵੌਏ ਦੌਰਾਨ ਟਰੱਕਿੰਗ ਕੰਪਨੀਆਂ ਦਾ ਪ੍ਰਭਾਵ ਲੋਕਾਂ ਉਤੇ ਕੁਝ ਮਾੜਾ ਪਿਆ ਸੀ ਜਦੋਂ ਓਟਵਾ ਵਿੱਚ ਫਰੀਡਮ ਕਾਨਵੌਏ ਵਲੋਂ ਪਾਰਲੀਮੈਂਟ ਦਾ ਘਿਰਾਓ ਕੀਤਾ ਗਿਆ।

ਕ੍ਰਿਸਟੀਆ ਫ੍ਰੀਲੈਂਡ ਨੇ ਦੱਸਿਆ ਕਿ ਮਜ਼ੌਰਟੀ ਟਰੱਕਿੰਗ ਕੰਪਨੀਆਂ ਨੇ ਦੇਸ ਦੀ ਤਰੱਕੀ ਵਿੱਚ ਅਤੇ ਦੇਸ ਦੀ ਸਥਿਤੀ ਨੂੰ ਸਥਿਰ ਰੱਖਣ ਦੇ ਲਈ ਆਪਣਾ ਯੋਗਦਾਨ ਪਾਇਆ ਹੈ।

ਵੱਖ-ਵੱਖ ਮੀਡੀਆ ਵੱਲੋਂ ਪੁੱਛੇ ਗਏ ਸੁਆਲਾਂ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਇਸ ਸਮੇਂ ਵਧ ਰਹੀ ਇਨਫਲੇਸ਼ਨ ਸਾਡੀ ਵੱਡੀ ਚਿੰਤਾ ਹੈ ਅਤੇ ਅਸੀਂ ਇਸ ਨਾਲ ਨਜਿੱਠਣ ਦੇ ਲਈ ਵਚਨਬੱਧ ਹਾਂ। ਕੇ ਜੇ ਐੱਸ ਟਰਾਂਸਪੋਰਟ ਦੇ ਮਾਲਕ ਜਿੰਦਰ ਬੁੱਟਰ ਅਤੇ ਕੁਲਵੰਤ ਢੀਂਡਸਾ ਵੱਲੋਂ ਸਖ਼ਤ ਮਿਹਨਤ ਨਾਲ ਆਪਣੀ ਇਹ ਟਰੱਕਿੰਗ ਕੰਪਨੀ ਸਥਾਪਤ ਕੀਤੀ ਗਈ ਹੈ। ਇਸ ਸਮੇਂ ਇਸ ਕੰਪਨੀ ਦੇ 80 ਤੋਂ ਵੱਧ ਟਰੱਕ ਚੱਲ ਰਹੇ ਹਨ।

# ਪਾਕਿਸਤਾਨ ਵਿੱਚ ਭਾਰੀ ਮੀਂਹ ਕਾਰਨ 77 ਮੌਤਾਂ

ਕਰਾਚੀ, 7 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿੱਚ ਕੱਲ੍ਹ ਭਾਰੀ ਮੀਂਹ ਕਰ ਕੇ ਆਏ ਹੜ੍ਹ ਕਾਰਨ ਇੱਕੋ ਪਰਵਾਰ ਦੀਆਂ ਛੇ ਔਰਤਾਂ ਸਮੇਤ ਘੱਟੋ-ਘੱਟ 39 ਵਿਅਕਤੀਆਂ ਦੀ ਮੌਤ ਹੋਣ ਮਗਰੋਂ ਪਾਕਿਸਤਾਨ ਵਿੱਚ ਮੀਂਹ ਕਾਰਨ ਮਰਨ ਵਾਲਿਆਂ ਦੀ ਕੁੱਲ ਗਿਣਤੀ 77 ਹੋ ਗਈ ਹੈ।

ਇਸ ਦੌਰਾਨ ਪ੍ਰਸ਼ਾਸਨ ਨੇ ਕੋਇਟਾ ਜ਼ਿਲ੍ਹੇ ਵਿੱਚ ਐਮਰਜੈਂਸੀ ਐਲਾਨ ਦਿੱਤੀ ਹੈ। ਸੂਬਾਈ ਆਫਤ ਪ੍ਰਬੰਧ ਅਥਾਰਟੀ (ਪੀ ਡੀ ਐਮ ਏ) ਦੇ ਡਾਇਰੈਕਟਰ ਜਨਰਲ ਨਸੀਰ ਅਹਿਮਦ ਨਾਸਰ ਨੇ ਦੱਸਿਆ ਕਿ ਸਭ ਮੌਤਾਂ ਬਲੋਚਿਸਤਾਨ ਦੇ ਵੱਖ-ਵੱਖ ਹਿੱਸਿਆਂ ਵਿੱਚ ਮੀਂਹ ਕਰ ਕੇ ਵਾਪਰੇ ਹਾਦਸਿਆਂ ਨਾਲ ਹੋਈਆਂ ਹਨ। ਇਸ ਤੋਂ ਇਲਾਵਾ ਕਈ ਲੋਕ ਜ਼ਖਮੀ ਵੀ ਹੋਏ ਹਨ। ਬਲੋਚਿਸਤਾਨ ਦੇ ਕੁਝ ਇਲਾਕਿਆਂ ਵਿੱਚ ਆਏ ਹੜ੍ਹ ਨਾਲ ਕਈ ਲੋਕ ਲਾਪਤਾ ਹਨ, ਜਿਸ ਕਾਰਨ ਮੌਤਾਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ। ਉਨ੍ਹਾਂ ਦੱਸਿਆ ਕਿ ਕੋਇਟਾ ਜ਼ਿਲ੍ਹੇ ਵਿੱਚ 300 ਤੋਂ ਵੱਧ ਕੱਚੇ ਮਕਾਨ ਨੁਕਸਾਨੇ ਗਏ ਹਨ।



ਅਧਿਕਾਰੀਆਂ ਨੇ ਦੱਸਿਆ ਕਿ ਹੜ੍ਹਾਂ ਕਾਰਨ ਜਾਨ ਗਵਾ ਚੁੱਕੇ 25 ਲੋਕਾਂ ਵਿੱਚ ਇੱਕੋ ਘਰ ਦੀਆਂ ਛੇ ਔਰਤਾਂ ਵੀ ਸਨ। ਮੀਂਹ ਅਤੇ ਤੇਜ਼ ਹਵਾਵਾਂ ਕਾਰਨ ਅਸਥਾਈ ਘਰਾਂ ਦੀ ਕੰਧ ਡਿਗਣ ਕਾਰਨ ਉਨ੍ਹਾਂ ਦੀਆਂ ਮੌਤਾਂ ਹੋਈਆਂ ਹਨ। ਡਾਨ ਅਖਬਾਰ ਦੀ ਰਿਪੋਰਟ ਅਨੁਸਾਰ ਉਨ੍ਹਾਂ ਦੇ ਪਰਵਾਰਨੇ ਕਿਹਾ ਕਿ ਦੋ ਔਰਤਾਂ ਇਸ ਕਰ ਕੇ ਦਮ ਤੋੜ ਗਈਆਂ ਕਿ ਉਨ੍ਹਾਂ ਨੂੰ ਹਸਪਤਾਲ ਲਿਜਾਣ ਦਾ ਪ੍ਰਬੰਧ ਨਹੀਂ ਸੀ। ਇਸੇ ਤਰ੍ਹਾਂ ਕੋਇਟਾ ਦੇ ਬਾਹਰਵਾਰ ਮਕਾਨ ਢਹਿਣ ਕਾਰਨ ਤਿੰਨ ਔਰਤਾਂ ਅਤੇ ਚਾਰ ਬੱਚਿਆਂ ਦੀ ਮੌਤ ਹੋਈ ਹੈ। ਬਲੋਚਿਸਤਾਨ ਸਰਕਾਰ ਨੇ ਕੋਇਟਾ ਜ਼ਿਲ੍ਹੇ ਵਿੱਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਖਿੱਤੇ ਦੇ ਕਈ ਜ਼ਿਲ੍ਹਿਆਂ ਵਿੱਚ ਪਿਛਲੇ 24 ਘੰਟਿਆਂ ਵਿੱਚ ਤੇਜ਼ ਹਵਾਵਾਂ ਚੱਲਣ ਸਮੇਤ ਭਾਰੀ ਮੀਂਹ ਪਿਆ ਹੈ।

# ਫਾਦਰ ਟੌਬਿਨ ਸੀਨੀਅਰ ਕਲੱਬ ਵੱਲੋਂ ਮਨਾਇਆ ਗਿਆ ਕੈਨੇਡਾ ਡੇਅ







ਬਰੈਂਪਟਨ, 7 ਜੁਲਾਈ (ਪੋਸਟ ਬਿਊਰੋ): ਬਰੈਂਪਟਨ ਵਿਚ ਏਅਰਪੋਰਟ ਰੋਡ ਐਂਡ ਫਾਦਰ ਟੌਬਿਨ ਏਰੀਏ ਵਿਚ ਸਥਿਤ ਸਲੇਡ ਡਾਗ ਪਾਰਕ ਵਿਖੇ ਫਾਦਰ ਟੌਬਿਨ ਸੀਨੀਅਰਜ਼ ਕਲੱਬ ਵਲੋਂ ਕੈਨੇਡਾ ਡੇਅ ਦੇ ਸਮਾਗਮ ਰਚਾਏ ਗਏ। ਇਸ ਸਮਾਗਮ ਵਿਚ ਕਲੱਬ ਨਾਲ ਜੁੜੇ ਲਗਪਗ ਦੋ ਸੌ ਮੈਂਬਰਾਂ ਨੇ ਹਿੱਸਾ ਲਿਆ। ਪਾਰਕ ਵਿਚ ਵੱਡੇ ਟੈਂਟ ਲਗਾਏ ਗਏ ਸਨ ਅਤੇ ਕੁਰਸੀਆਂ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ।

ਸ਼ਾਮ 5 ਕੁ ਵਜੇ ਸ਼ੁਰੂ ਹੋ ਕੇ ਇਹ ਪ੍ਰੋਗਰਾਮ 7 ਵਜੇ ਤੱਕ ਚੱਲਿਆ। ਇਸ ਪ੍ਰੋਗਰਾਮ ਵਿਚ ਜਿੱਥੇ ਵੱਖ-ਵੱਖ ਸਿਆਸੀ ਆਗੂਆਂ ਨੇ ਸ਼ਿਰਕਤ ਕੀਤੀ ਉਸ ਦੇ ਨਾਲ-ਨਾਲ ਕੰਮਿਊਨਿਟੀ

ਵਿਚ ਜਾਣੀਆਂ ਪਹਿਚਾਣੀਆਂ ਸ਼ਖ਼ਸੀਅਤਾਂ ਨੇ ਵੀ ਭਾਗ ਲਿਆ। ਮੈਂਬਰ ਪਾਰਲੀਮੈਂਟ ਮਨਿੰਦਰ ਸਿੱਧੂ, ਮੈਂਬਰ ਪ੍ਰੋਵੀਸ਼ਨਲ ਪਾਰਲੀਮੈਂਟ ਹਰਦੀਪ ਗਰੇਵਾਲ, ਕੌਂਸਲਰ ਹਰਕੀਰਤ ਸਿੰਘ ਅਤੇ ਸਕੂਲ ਟਰੱਸਟੀ ਬਲਬੀਰ ਸੋਹੀ ਤੋਂ ਇਲਾਵਾ ਕਈ ਹੋਰ ਸਮਾਜਿਕ ਆਗੂਆਂ ਨੇ ਵੀ ਇਸ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ ਅਤੇ ਆਏ ਮਹਿਮਾਨਾਂ ਨੂੰ ਕੈਨੇਡਾ ਡੇਅ ਦੀਆਂ ਮੁਬਾਰਕਾਂ ਦਿੱਤੀਆਂ। ਚਾਹ ਪਾਣੀ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ ਅਤੇ ਹਰਦੀਪ ਗਰੇਵਾਲ ਵੱਲੋਂ ਆਪਣੀ ਜਿੱਤ ਦੀ ਖੁਸ਼ੀ ਵਿਚ ਮਠਿਆਈ ਦਾ ਪ੍ਰਬੰਧ ਕੀਤਾ ਗਿਆ ਅਤੇ ਇਸ ਦੇ ਨਾਲ-ਨਾਲ ਸਰਦਾਰ ਹਰੀ ਸਿੰਘ ਗਿੱਲ, ਗੁਰਮੀਤ ਸਿੰਘ ਸੰਧੂ, ਟਹਿਲ ਸਿੰਘ ਮੁੰਡੀ, ਅਮਰਜੀਤ ਸਿੰਘ ਦੇ ਸਹਿਯੋਗ ਨਾਲ ਅਤੇ ਡਡਵਾਲ ਪਰਿਵਾਰ ਵੱਲੋਂ ਵੀ ਰਿਫ਼ਰੈਸ਼ਮੈਂਟ ਲਈ ਆਪਣਾ ਯੋਗਦਾਨ ਪਾਇਆ ਗਿਆ।

ਚਾਹ ਪਾਣੀ ਤੋਂ ਬਾਅਦ ਸਾਰੇ ਪੰਡਾਲ ਵਿੱਚ ਸੁਸ਼ੋਭਤ ਹੋਏ ਜਿੱਥੋਂ ਸਿਆਸੀ ਆਗੂਆਂ ਨੇ ਸੰਬੋਧਨ ਕੀਤਾ ਤੇ ਉਸ ਦੇ ਨਾਲ ਨਾਲ ਸਿੱਖ ਹਲਕਿਆਂ ਵਿੱਚ ਜਾਣੀ ਪਹਿਚਾਣੀ ਸ਼ਖਸੀਅਤ ਪ੍ਰਿੰਸੀਪਲ ਰਾਮ ਸਿੰਘ ਕੁਲਾਰ ਤੋਂ ਇਲਾਵਾ ਕੈਨੇਡੀਅਨ ਪੰਜਾਬੀ ਪੋਸਟ ਅਖ਼ਬਾਰ ਦੇ ਮੁੱਖ ਸੰਪਾਦਕ ਜਗਦੀਸ਼ ਗਰੇਵਾਲ ਅਤੇ ਤਰਕਸ਼ੀਲ ਸੁਸਾਇਟੀ ਨਾਲ ਜੁੜੇ ਹੋਏ ਨਾਹਰ ਸਿੰਘ ਔਜਲਾ ਤੇ ਹੋਰ ਸ਼ਖ਼ਸੀਅਤਾਂ ਨੇ ਆਪਣੇ ਵਿਚਾਰਾਂ ਦੇ ਨਾਲ ਆਏ ਹੋਏ ਮਹਿਮਾਨਾਂ ਨੂੰ ਸੰਬੋਧਨ ਕੀਤਾ ਅਤੇ ਕੈਨੇਡਾ ਡੇਅ ਦੀਆਂ ਮੁਬਾਰਕਾਂ ਦਿੱਤੀਆਂ। ਪ੍ਰਿੰਸੀਪਲ ਰਾਮ ਸਿੰਘ ਕੁਲਾਰ ਵੱਲੋਂ ਆਪਣੀਆਂ ਲਿਖੀਆਂ ਇਕ ਕਿਤਾਬਾਂ ਦਾ ਸੈੱਟ ਸਰਦਾਰ ਜਗਦੀਸ਼ ਸਿੰਘ ਗਰੇਵਾਲ ਅਤੇ ਐੱਮ ਪੀ ਪੀ ਹਰਦੀਪ ਸਿੰਘ ਨੂੰ ਭੇਂਟ ਕੀਤਾ ਗਿਆ। ਇਸ ਦੌਰਾਨ ਪ੍ਰਧਾਨ ਕਰਤਾਰ ਸਿੰਘ ਚਾਹਲ ਅਤੇ ਇਕਬਾਲ ਸਿੰਘ ਘੋਲੀਆ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਫਾਦਰ ਟੋਬਿਨ ਸੀਨੀਅਰ ਕਲੱਬ ਇਕ ਨਾਮਵਰ ਬਜ਼ੁਰਗਾਂ ਦੀ ਸੰਸਥਾ ਹੈ ਅਤੇ ਇਸ ਸੰਸਥਾ ਵੱਲੋਂ ਜਿੱਥੇ ਜਿੱਥੇ ਕੈਨੇਡਾ ਡੇਅ ਮਨਾਇਆ ਜਾਂਦਾ ਹੈ ਉਸ ਦੇ ਨਾਲ-ਨਾਲ ਬਜ਼ੁਰਗਾਂ ਦੇ ਵੱਖ-ਵੱਖ ਸਮੇਂ 'ਤੇ ਵੱਖ-ਵੱਖ ਥਾਵਾਂ ਦੇ ਟੂਰ ਵੀ ਕਰਵਾਏ ਜਾਂਦੇ ਹਨ। ਬੀਤੇ ਸਮੇਂ ਵਿੱਚ ਜਿੱਥੇ ਇਨ੍ਹਾਂ ਵੱਲੋਂ ਪੈਰੀ ਸੌਣ ਦਾ ਟੂਰ ਲਾਇਆ ਗਿਆ ਆਉਣ ਵਾਲੇ ਸਮੇਂ ਵਿਚ ਸੈਂਟਰ ਆਈਲੈਂਡ 'ਤੇ ਬਜ਼ੁਰਗਾਂ ਨੂੰ ਇਕ ਦਿਨ ਦਾ ਟੂਰ ਲਗਵਾਉਣ ਜਾ ਰਹੇ ਹਨ ਅਤੇ ਨਾਲ ਹੀ ਐੱਮ ਪੀ ਪੀ ਹਰਦੀਪ ਗਰੇਵਾਲ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਜਦੋਂ ਪਾਰਲੀਮੈਂਟ ਸੈਸ਼ਨ ਸ਼ੁਰੂ ਹੁੰਦਾ ਹੈ ਤਾਂ ਫਾਦਰ ਟੌਬਿਨ ਸੀਨੀਅਰਜ਼ ਕਲੱਬ ਨੂੰ ਇਕ ਦਿਨ ਤਾਂ ਪਾਰਲੀਮੈਂਟ ਦਾ ਵੀ ਟੂਰ ਲਗਵਾਇਆ ਜਾਵੇਗਾ।

EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER



chatr AUTHORIZED DEALER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਟੋਰਾਂਟੋ ਵਿੱਚ ਰਸ਼ ਆਰ ਜੋਨਜ਼ ਵਿੱਚ ਪਾਰਕ ਕੀਤੇ ਜਾਣ ਵਾਲੇ ਵਾਹਨਾਂ ਨੂੰ ਕੀਤਾ ਜਾਵੇਗਾ ਟੋਅ



ਟੋਰਾਂਟੋ, 7 ਜੁਲਾਈ (ਪੋਸਟ ਬਿਊਰੋ) : ਸਿਟੀ ਵਿੱਚ ਟਰੈਫਿਕ ਮੁੜ ਮਹਾਂਮਾਰੀ ਤੋਂ ਪਹਿਲਾਂ ਵਾਲੇ ਪੱਧਰ ਉੱਤੇ ਪਹੁੰਚਣ ਕਾਰਨ ਟੋਰਾਂਟੋ ਵਿੱਚ ਰਸ਼ ਆਰ ਜੋਨਜ਼ ਵਿੱਚ ਖੜ੍ਹੇ ਹੋਣ ਵਾਲੇ ਵਾਹਨਾਂ ਨੂੰ ਪਾਰਕਿੰਗ ਐਨਫੋਰਸਮੈਂਟ ਆਫੀਸਰਜ਼ ਵੱਲੋਂ ਮੁੜ ਟੋਅ ਕੀਤਾ ਜਾਣਾ ਸ਼ੁਰੂ ਹੋ ਗਿਆ ਹੈ।

ਕੋਵਿਡ-19 ਮਹਾਂਮਾਰੀ ਦੌਰਾਨ ਨਿਰਧਾਰਤ ਰਸ਼ ਆਰ ਰੂਟਜ਼ ਸਬੰਧੀ ਨਿਯਮ ਨੂੰ ਥੋੜ੍ਹੀ ਦੇਰ ਲਈ ਅਮਲ ਵਿੱਚ ਨਹੀਂ ਸੀ ਲਿਆਂਦਾ ਜਾ ਰਿਹਾ ਪਰ ਪਿਛਲੇ ਹਫਤੇ ਤੋਂ ਇਸ ਸਬੰਧੀ ਬਾਇ-ਲਾਅਜ਼ ਦੀ ਪਾਲਣਾ ਸ਼ੁਰੂ ਕਰ ਦਿੱਤੀ ਗਈ ਹੈ। ਸੋਮਵਾਰ ਤੋਂ ਸਵੇਰੇ 6:00 ਤੋਂ 10:00 ਵਜੇ ਤੇ ਸ਼ਾਮ ਨੂੰ 3:00 ਤੋਂ 7:00 ਵਜੇ ਤੱਕ ਪਾਬੰਦੀਸ਼ੁਦਾ ਸਮੇਂ ਵਿੱਚ ਇਨ੍ਹਾਂ ਰੂਟਸ ਉੱਤੇ ਖੜ੍ਹੇ ਕੀਤੇ ਜਾਣ ਵਾਲੇ ਵਾਹਨਾਂ ਨੂੰ ਟੋਅ ਟਰੱਕਜ਼ ਵੱਲੋਂ ਚੱਕ ਲਿਆ ਜਾਇਆ ਕਰੇਗਾ। ਇਸ ਤੋਂ ਇਲਾਵਾ ਸਮੇਂ ਦੇ ਹਿਸਾਬ ਨਾਲ ਪਾਬੰਦੀਸ਼ੁਦਾ ਇਲਾਕੇ ਵਿੱਚ ਗੱਡੀ ਰੋਕਣ ਤੇ ਬਾਈਸਾਈਕਲ ਲੇਨ ਵਿੱਚ ਅਚਾਨਕ ਰੁਕਣ ਵਾਲੇ ਨੂੰ 150 ਡਾਲਰ ਦਾ ਜੁਰਮਾਨਾ ਵੀ ਲਾਇਆ ਜਾਵੇਗਾ। ਟੋਅ ਕਰਕੇ ਗੱਡੀਆਂ ਨੂੰ ਇੰਪਾਊਂਡ ਕਰਨ ਵਾਲੀ ਥਾਂ ਤੋਂ ਵਾਪਿਸ ਲੈਣਾ ਹੋਵੇਗਾ ਤਾਂ ਉਸ ਦੇ ਲਈ ਵੀ ਸੈਂਕੜੇ ਡਾਲਰ ਹੋਰ ਲੱਗਣਗੇ।

ਟਰੈਫਿਕ ਸਰਵਿਸਿਜ਼ ਸੁਪਰਡੈਂਟ ਸਕੌਟ ਬੈਪਟਿਸਟ ਨੇ ਕੁੱਝ ਸਮਾਂ ਪਹਿਲਾਂ ਇੱਕ ਬਿਆਨ ਵਿੱਚ ਆਖਿਆ ਸੀ ਕਿ ਇਨ੍ਹਾਂ ਨਿਯਮਾਂ ਦੀ ਮੁੜ ਤੋਂ ਪਾਲਣਾ ਕਰਨ ਨਾਲ ਸਾਡੀ ਸਿਟੀ ਵਿੱਚ ਟਰੈਫਿਕ ਸੁਚਾਰੂ ਢੰਗ ਨਾਲ ਚੱਲਦਾ ਰਹੇਗਾ ਤੇ ਲੋਕਾਂ ਨੂੰ ਵੀ ਆਪਣੇ ਕੰਮਕਾਜ ਆਸਾਨੀ ਨਾਲ ਕਰਨ ਵਿੱਚ ਮਦਦ ਮਿਲੇਗੀ। ਇਹ ਜੁਰਮਾਨੇ ਸਕੂਲ ਜੋਨਜ਼ ਵਾਲੀਆਂ ਰਿਹਾਇਸ਼ੀ ਸੜਕਾਂ ਉੱਤੇ ਪਾਬੰਦੀਸ਼ੁਦਾ ਇਲਾਕੇ ਵਿੱਚ ਸਵੇਰੇ 8:00 ਵਜੇ ਤੋਂ 9:00 ਵਜੇ ਤੱਕ ਗੱਡੀਆਂ ਖੜ੍ਹੀਆਂ ਕਰਨ ਵਾਲਿਆਂ ਤੋਂ ਵੀ ਵਸੂਲੇ ਜਾਣਗੇ। ਇਹ ਨਿਯਮ ਕੁਰੀਅਰ ਤੇ ਡਲਿਵਰੀ ਵਾਲੀਆਂ ਗੱਡੀਆਂ ਉੱਤੇ ਵੀ ਲਾਗੂ ਹੋਣਗੇ।

## ਫਰਸਟ ਨੇਸ਼ਨਜ਼ ਚਾਈਲਡ ਵੈੱਲਫੇਅਰ ਲਈ ਸਰਕਾਰ ਨੇ ਕੀਤਾ ਸਮਝੌਤਾ

ਓਟਵਾ, 7 ਜੁਲਾਈ (ਪੋਸਟ ਬਿਊਰੋ) : ਫਰਸਟ ਨੇਸ਼ਨਜ਼ ਦੇ ਬੱਚਿਆਂ ਵਾਸਤੇ ਚਾਈਲਡ ਵੈੱਲਫੇਅਰ ਲਈ ਘੱਟ ਫੰਡ ਦੇਣ ਦੀ ਭਰਪਾਈ ਕਰਨ ਦੇ ਇਰਾਦੇ ਨਾਲ ਫੈਡਰਲ ਸਰਕਾਰ ਵੱਲੋਂ 20 ਬਿਲੀਅਨ ਡਾਲਰ ਦਾ ਮੁਆਵਜ਼ਾ ਦੇਣ ਲਈ ਸਮਝੌਤੇ ਉੱਤੇ ਦਸਤਖ਼ਤ ਕੀਤੇ ਗਏ ਹਨ। ਸੋਮਵਾਰ ਨੂੰ ਇੰਡੀਜੀਨਸ ਸਰਵਿਸਿਜ਼ ਕੈਨੇਡਾ ਨੇ ਆਖਿਆ ਕਿ ਕੈਨੇਡੀਅਨ ਇਤਿਹਾਸ ਵਿੱਚ ਇਹ ਆਪਣੀ ਕਿਸਮ ਦੀ ਪਹਿਲੀ ਡੀਲ ਹੈ।



ਅਸੈਂਬਲੀ ਆਫ ਫਰਸਟ ਨੇਸ਼ਨਜ਼ ਦੀ ਮੈਨੀਟੋਬਾ ਦੀ ਰੀਜਨਲ ਚੀਫ ਨੇ ਆਖਿਆ ਕਿ ਫਰਸਟ ਨੇਸ਼ਨ ਦੇ ਬੱਚੇ ਵੀ ਪਿਆਰ ਤੇ ਪੱਖਪਾਤੀ ਸਰਕਾਰੀ ਨੀਤੀਆਂ ਤੋਂ ਮੁਕਤ ਰਹਿਣ ਦੇ ਹੱਕਦਾਰ ਹਨ। ਉਨ੍ਹਾਂ ਆਖਿਆ ਕਿ ਤਿੰਨ ਦਹਾਕਿਆਂ ਤੱਕ ਸੰਘਰਸ਼ ਕਰਨ ਤੇ ਕਈ ਮਹੀਨਿਆਂ ਦੀ ਗੱਲਬਾਤ ਤੋਂ ਬਾਅਦ ਖੁਸ਼ੀ ਇਸ ਗੱਲ ਦੀ ਹੈ ਕਿ ਅਸੀਂ ਫਰਸਟ ਨੇਸ਼ਨ ਦੇ ਬੱਚਿਆਂ ਤੇ ਪਰਿਵਾਰਾਂ ਲਈ ਕੁੱਝ ਠੋਸ ਕਰ ਸਕੇ।

ਇਹ ਸਮਝੌਤਾ ਕੈਨੇਡਾ ਤੇ ਅਸੈਂਬਲੀ ਆਫ ਫਰਸਟ ਨੇਸ਼ਨ ਤੇ ਸ਼ਿਕਾਇਤ ਕਰਤਾਵਾਂ ਦਰਮਿਆਨ ਸਿਰੇ ਚੜ੍ਹਿਆ।

## ਸਿਟੀ ਆਫ ਟੋਰਾਂਟੋ ਦੇ ਨਵੇਂ ਨਿਯਮ ਕਾਰਨ 100 ਸਿੱਖ ਸਕਿਊਰਿਟੀ ਗਾਰਡਜ਼ ਨੂੰ ਹਟਾਇਆ ਗਿਆ : ਡਬਲਿਊ ਐਸ ਓ

ਟੋਰਾਂਟੋ, 7 ਜੁਲਾਈ (ਪੋਸਟ ਬਿਊਰੋ) : ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ (ਡਬਲਿਊ ਐਸ ਓ) ਵੱਲੋਂ ਇਹ ਮੰਗ ਕੀਤੀ ਗਈ ਹੈ ਕਿ ਸਿਟੀ ਆਫ ਟੋਰਾਂਟੋ ਦੀਆਂ ਸਾਈਟਸ ਤੋਂ ਹਟਾਏ ਗਏ 100 ਸਿੱਖ ਸਕਿਊਰਿਟੀ ਗਾਰਡਜ਼, ਜਿਹੜੇ ਧਾਰਮਿਕ ਤੌਰ ਉੱਤੇ ਦਾੜ੍ਹੀ ਰੱਖਣ ਲਈ ਪਾਬੰਦ ਹਨ, ਨੂੰ ਮੁੜ ਨਿਯੁਕਤ ਕੀਤਾ ਜਾਵੇ।

ਸਿਟੀ ਆਫ ਟੋਰਾਂਟੋ ਵੱਲੋਂ ਪਿੱਛੇ ਜਿਹੇ ਸਿਟੀ ਦੀਆਂ ਸਾਰੀਆਂ ਸਾਈਟਸ ਉੱਤੇ ਕਲੀਨ ਸ਼ੇਵ ਸਕਿਊਰਿਟੀ ਗਾਰਡਜ਼ ਹੀ ਰੱਖਣ ਦੀ ਸ਼ਰਤ ਰੱਖ ਦਿੱਤੀ ਗਈ। ਜਿਸ ਕਾਰਨ ਆਪਣੇ ਧਰਮ ਦੀ ਪਾਲਣਾ ਕਰਨ ਵਾਲੇ 100 ਸਿੱਖ ਸਕਿਊਰਿਟੀ ਗਾਰਡਜ਼ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ।



ਡਬਲਿਊ ਐਸ ਓ ਦੇ ਪ੍ਰੈਜ਼ੀਡੈਂਟ ਤੇਜਿੰਦਰ ਸਿੰਘ ਸਿੱਧੂ ਨੇ ਆਖਿਆ ਕਿ ਸਿਟੀ ਆਫ ਟੋਰਾਂਟੋ ਦੇ ਨਵੇਂ ਨਿਯਮ ਮੁਤਾਬਕ ਸਾਰੇ ਸਕਿਊਰਿਟੀ ਗਾਰਡਜ਼ ਨੂੰ ਐਨ95 ਰੈਸਪੀਰੇਟਰਜ਼ ਪੂਰੀ ਤਰ੍ਹਾਂ ਮੂੰਹ ਉੱਤੇ ਫਿੱਟ ਹੋਣੇ ਚਾਹੀਦੇ ਹਨ। ਫਿੱਟਨੈੱਸ ਲਈ ਜਦੋਂ ਟੈਸਟ ਦਿੱਤੇ ਜਾਂਦੇ ਹਨ ਤਾਂ ਮੂੰਹ ਉੱਤੇ ਵਾਲ ਰੱਖਣ ਦੀ ਇਜਾਜ਼ਤ ਨਹੀਂ ਹੁੰਦੀ। ਡਬਲਿਊ ਐਸ ਓ ਨੇ ਆਖਿਆ ਕਿ ਕੋਵਿਡ ਮਹਾਂਮਾਰੀ ਜਦੋਂ ਆਪਣੇ ਸਿਖਰ ਉੱਤੇ ਸੀ ਉਸ ਸਮੇਂ ਸਿੱਖ ਸਕਿਊਰਿਟੀ ਗਾਰਡਜ਼ ਨੇ ਮੈਡੀਕਲ ਮਾਸਕ ਪਾ ਕੇ ਆਪਣੀ ਡਿਊਟੀ ਪੂਰੀ ਸ਼ਿੱਦਤ ਨਾਲ ਨਿਭਾਈ ਤੇ ਉਦੋਂ ਉਨ੍ਹਾਂ ਨੂੰ ਕਲੀਨ ਸ਼ੇਵਨ ਹੋਣ ਦੀ ਸ਼ਰਤ ਨਹੀਂ ਰੱਖੀ ਗਈ।

ਕਲੀਨ ਸ਼ੇਵਨ ਵਾਲੇ ਇਹ ਨਵੇਂ ਨਿਯਮ ਉਸ ਸਮੇਂ ਲਿਆਂਦੇ ਗਏ ਹਨ ਜਦੋਂ ਸਿਟੀ ਦੀਆਂ ਸਾਈਟਸ ਉੱਤੇ ਵਿਜ਼ੀਟਰਜ਼ ਨੂੰ ਮਾਸਕ ਲਾਉਣ ਦੀ ਕੋਈ ਲੋੜ ਨਹੀਂ। ਕਲੀਨ ਸ਼ੇਵਨ ਹੋਣ ਦਾ ਇਹ ਨਿਯਮ ਸਿਟੀ ਦੀਆਂ ਸਾਈਟਸ ਉੱਤੇ ਵੀ ਸਟਾਫ ਤੇ ਵਰਕਰਜ਼ ਲਈ ਲਾਗੂ ਨਹੀਂ ਕੀਤਾ ਗਿਆ।

ਇਸ ਨਵੇਂ ਨਿਯਮ ਦੇ ਚੱਲਦਿਆਂ ਸਿਟੀ ਆਫ ਟੋਰਾਂਟੋ ਦੇ ਸਕਿਊਰਿਟੀ ਕਾਂਟਰੈਕਟਰਜ਼ ਜਿਵੇਂ ਕਿ ਗਾਰਡਾ ਵਰਲਡ, ਸਟਾਰ ਸਕਿਊਰਿਟੀ ਤੇ ਏਐਸਪੀ ਸਕਿਊਰਿਟੀ ਨੇ ਸਿਟੀ ਆਫ ਟੋਰਾਂਟੋ ਦੀਆਂ ਸਾਈਟਸ ਤੋਂ ਸਿੱਖ ਸਕਿਊਰਿਟੀ ਗਾਰਡਜ਼ ਨੂੰ ਹਟਾ ਦਿੱਤਾ। ਕਈ ਸਿੱਖ ਸਕਿਊਰਿਟੀ ਗਾਰਡਜ਼ ਨੂੰ ਹਟਾ ਦਿੱਤਾ ਗਿਆ ਤੇ ਕਈਆਂ ਨੂੰ ਬਦਲਵੀਆਂ ਸਾਈਟਸ ਉੱਤੇ ਭੇਜ ਦਿੱਤਾ ਗਿਆ। ਇਸ ਤਰ੍ਹਾਂ ਰੀਲੋਕੇਟ ਕਰਨ ਨਾਲ ਅਕਸਰ ਰੈਂਕ ਤੇ ਤਨਖਾਹ ਵਿੱਚ ਵੀ ਡਿਮੋਸ਼ਨ ਹੁੰਦੀ ਹੈ। ਕਈ ਮਾਮਲਿਆਂ ਵਿੱਚ ਜਿਨ੍ਹਾਂ ਵਿਅਕਤੀਆਂ ਨੂੰ ਸੁਪਰਵਾਈਜ਼ਰਜ਼ ਜਾਂ ਮੈਨੇਜਰ ਵਜੋਂ ਹਾਇਰ ਕੀਤਾ ਗਿਆ ਸੀ ਉਨ੍ਹਾਂ ਨੂੰ ਡੀਮੋਟ ਕਰਕੇ ਸਕਿਊਰਿਟੀ ਗਾਰਡ ਬਣਾ ਦਿੱਤਾ ਗਿਆ।

ਡਬਲਿਊ ਐਸ ਓ ਵੱਲੋਂ 7 ਜੂਨ, 2022 ਨੂੰ ਮੇਅਰ ਜੌਹਨ ਟੋਰੀ ਤੇ ਟੋਰਾਂਟੋ ਸਿਟੀ ਕਾਊਂਸਲ ਦੇ ਸਾਰੇ ਮੈਂਬਰਾਂ ਨੂੰ ਇਸ ਮਸਲੇ ਦਾ ਹੱਲ ਜਲਦ ਤੋਂ ਜਲਦ ਕਰਨ ਲਈ ਚਿੱਠੀ ਲਿਖੀ ਗਈ ਹੈ। ਪਰ ਅਜੇ ਤੱਕ ਸਿਟੀ ਜਾਂ ਮੇਅਰ ਵੱਲੋਂ ਕੋਈ ਤਸੱਲੀਬਖਸ਼ ਉੱਤਰ ਨਹੀਂ ਮਿਲਿਆ ਹੈ। ਤੇਜਿੰਦਰ ਸਿੰਘ ਸਿੱਧੂ ਨੇ ਮੰਗ ਕੀਤੀ ਕਿ ਹਟਾਏ ਗਏ ਸਿੱਖ ਸਕਿਊਰਿਟੀ ਗਾਰਡਜ਼ ਨੂੰ ਮੁੜ ਡਿਊਟੀ ਉੱਤੇ ਬਹਾਲ ਕੀਤਾ ਜਾਵੇ।

## ਪੈਟ੍ਰਿਕ ਬ੍ਰਾਊਨ ਨੂੰ ਫੈਡਰਲ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਤੋਂ ਕੀਤਾ ਗਿਆ ਡਿਸਕੁਆਲੀਫਾਈ

ਓਟਵਾ, 7 ਜੁਲਾਈ (ਪੋਸਟ ਬਿਊਰੋ) : ਪੈਟ੍ਰਿਕ ਬ੍ਰਾਊਨ ਨੂੰ ਫੈਡਰਲ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਤੋਂ ਪਾਸੇ ਕਰ ਦਿੱਤਾ ਗਿਆ ਹੈ। ਭਾਵੇਂ ਵੋਟਾਂ ਮੇਲ ਕੀਤੇ ਜਾਣ ਦਾ ਸਿਲਸਿਲਾ ਸ਼ੁਰੂ ਹੋ ਚੁੱਕਿਆ ਹੈ ਪਰ ਬ੍ਰਾਊਨ ਨੂੰ ਡਿਸਕੁਆਲੀਫਾਈ ਕਰ ਦਿੱਤਾ ਗਿਆ ਹੈ। ਇਸ ਦੌਰਾਨ ਬ੍ਰਾਊਨ ਵੱਲੋਂ ਇਸ ਫੈਸਲੇ ਖਿਲਾਫ ਆਵਾਜ਼ ਉਠਾਉਣ ਦਾ ਮਨ ਬਣਾਇਆ ਗਿਆ ਹੈ।



ਬੁੱਧਵਾਰ ਸਵੇਰੇ ਇੱਕ ਲਿਖਤੀ ਬਿਆਨ ਵਿੱਚ ਬ੍ਰਾਊਨ ਦੇ ਕੈਂਪੇਨ ਅਧਿਕਾਰੀਆਂ ਵੱਲੋਂ ਆਖਿਆ ਗਿਆ ਕਿ ਇਹ ਬਹੁਤ ਹੀ ਨਿੰਦਣਯੋਗ ਤੇ ਗੈਰ ਜਮਹੂਰੀ ਵਿਵਹਾਰ ਹੈ ਜਿਸਨੇ ਪੈਟ੍ਰਿਕ ਬ੍ਰਾਊਨ ਦੇ ਆਧੁਨਿਕ ਨਜ਼ਰੀਏ ਨੂੰ ਪਸੰਦ ਕਰਨ ਵਾਲੇ ਸੈਂਕੜੇ ਕੈਨੇਡੀਅਨਾਂ ਦਾ ਯਕੀਨ ਤੋੜ ਕੇ ਰੱਖ ਦਿੱਤਾ ਹੈ। ਇਹ ਵੀ ਆਖਿਆ ਗਿਆ ਕਿ ਇਹ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦੇ ਨਾਂ ਉੱਤੇ ਧੱਬਾ ਹੈ ਤੇ ਇਹ ਪਾਰਟੀ ਜਨਰਲ ਚੋਣਾਂ ਜਿੱਤਣ ਲਈ ਬਿਲਕੁਲ ਵੀ ਸੰਜੀਦਾ ਨਹੀਂ ਹੈ। ਇਹ ਸ਼ਰਮਿੰਦਗੀ ਵਾਲੀ ਗੱਲ ਹੈ ਪਰ ਸਾਡੇ ਲਈ ਨਹੀਂ। ਇਹ ਦੋਸ਼ ਵੀ ਲਾਏ ਗਏ ਹਨ ਕਿ ਕੰਜ਼ਰਵੇਟਿਵ ਪਾਰਟੀ ਪੌਲੀਐਵਰ ਦੇ ਪੱਖ ਵਿੱਚ ਭੁਗਤ ਰਹੀ ਹੈ।

ਗੌਰਤਲਬ ਹੈ ਕਿ ਲੀਡਰਸ਼ਿਪ ਇਲੈਕਸ਼ਨ ਆਰਗੇਨਾਈਜ਼ਿੰਗ ਕਮੇਟੀ ਦੇ ਚੇਅਰ ਇਆਨ ਬ੍ਰੌਡੀ ਨੇ ਮੰਗਲਵਾਰ ਰਾਤ ਨੂੰ ਇਸ ਫੈਸਲੇ ਦਾ ਐਲਾਨ ਕੀਤਾ। ਬ੍ਰੌਡੀ ਨੇ ਆਖਿਆ ਕਿ ਬ੍ਰਾਊਨ ਦੀ ਕੈਂਪੇਨ ਵੱਲੋਂ ਕੁੱਝ ਗੜਬੜੀ ਕੀਤੇ ਜਾਣ ਦਾ ਪਤਾ ਲੱਗਿਆ ਹੈ ਤੇ ਇਸ ਤਰ੍ਹਾਂ ਦੀਆਂ ਹਰਕਤਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਬ੍ਰੌਡੀ ਨੇ ਇੱਕ ਲਿਖਤੀ ਬਿਆਨ ਵਿੱਚ ਇਹ ਦੋਸ਼ ਲਾਏ ਪਰ ਉਨ੍ਹਾਂ ਵੱਲੋਂ ਇਸ ਸਬੰਧੀ ਕੋਈ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਦੋਸ਼ ਕੈਨੇਡਾ ਇਲੈਕਸ਼ਨ ਐਕਟ ਦੇ ਵਿੱਤੀ ਨਿਯਮਾਂ ਨਾਲ ਸਬੰਧਤ ਹਨ।

## ਬ੍ਰਾਊਨ ਨੇ ਖੁਦ ਨੂੰ ਡਿਸਕੁਆਲੀਫਾਈ ਕਰਨ ਪਿੱਛੇ ਸਿਆਸੀ ਭ੍ਰਿਸ਼ਟਾਚਾਰ ਨੂੰ ਦੱਸਿਆ ਜ਼ਿੰਮੇਵਾਰ

ਓਟਵਾ, 7 ਜੁਲਾਈ (ਪੋਸਟ ਬਿਊਰੋ) : ਹਾਲ ਹੀ ਵਿੱਚ ਡਿਸਕੁਆਲੀਫਾਈ ਕੀਤੇ ਗਏ ਕੰਜ਼ਰਵੇਟਿਵ ਪਾਰਟੀ ਲੀਡਰਸ਼ਿਪ ਉਮੀਦਵਾਰ ਪੈਟ੍ਰਿਕ ਬ੍ਰਾਊਨ ਵੱਲੋਂ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਇਸ ਦੌੜ ਤੋਂ ਪਾਸੇ ਕਰਨ ਲਈ ਸਿਆਸੀ ਭ੍ਰਿਸ਼ਟਾਚਾਰ ਦਾ ਸਹਾਰਾ ਲਿਆ ਗਿਆ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਕੈਂਪੇਨ ਉੱਤੇ ਚੋਣ ਫਾਇਨਾਂਸਿੰਗ ਨਿਯਮਾਂ ਨੂੰ ਤੋੜਨ ਦਾ ਇਲਜ਼ਾਮ ਵੀ ਲਾਇਆ ਗਿਆ।

ਇੱਕ ਇੰਟਰਵਿਊ ਵਿੱਚ ਬ੍ਰਾਊਨ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਪੱਕਾ ਯਕੀਨ ਹੈ ਕਿ ਇਸ ਕਦਮ ਪਿੱਛੇ ਲੀਡਰਸ਼ਿਪ ਇਲੈਕਸ਼ਨ ਕਮੇਟੀ ਵਿੱਚ ਮੌਜੂਦ ਪਿਏਰ ਪੌਲੀਐਵਰ ਦੇ ਸਮਰਥਕਾਂ ਦਾ ਹੀ ਹੱਥ ਹੈ। ਜ਼ਿਕਰਯੋਗ ਹੈ ਕਿ ਇਸ ਕਮੇਟੀ ਦੇ ਚੇਅਰ ਇਆਨ ਬ੍ਰੌਡੀ ਵੱਲੋਂ ਮੰਗਲਵਾਰ ਸ਼ਾਮ ਨੂੰ ਬ੍ਰਾਊਨ ਦੀ ਡਿਸਕੁਆਲੀਫਿਕੇਸ਼ਨ ਦਾ ਐਲਾਨ ਕੀਤਾ ਗਿਆ ਸੀ ਤੇ ਬ੍ਰਾਊਨ ਦੇ ਕੈਂਪੇਨ ਅਧਿਕਾਰੀਆਂ ਵੱਲੋਂ ਗੜਬੜੀ ਕੀਤੇ ਜਾਣ ਦੇ ਦੋਸ਼ ਵੀ ਲਾਏ ਗਏ ਸਨ।

ਇੱਕ ਬਿਆਨ ਵਿੱਚ ਆਖਿਆ ਗਿਆ ਸੀ ਕਿ ਪੈਟ੍ਰਿਕ ਬ੍ਰਾਊਨ ਦੀ ਕੈਂਪੇਨ ਵੱਲੋਂ ਮੁਹੱਈਆ ਕਰਵਾਈ ਗਈ ਜਾਣਕਾਰੀ ਤਸੱਲੀਬਖਸ਼ ਨਹੀਂ ਹੈ ਤੇ ਕੈਨੇਡਾ ਇਲੈਕਸ਼ਨਜ਼ ਐਕਟ ਦੇ ਨਿਯਮਾਂ ਤੇ ਪ੍ਰਬੰਧਾਂ ਨਾਲ ਮੇਲ ਨਹੀਂ ਖਾਂਦੀ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਬ੍ਰਾਊਨ ਦੀ ਕੈਂਪੇਨ ਉੱਤੇ ਕਿਹੋ ਜਿਹੇ ਇਲਜ਼ਾਮਾਤ ਲਾਏ ਗਏ ਹਨ ਇਸ ਬਾਰੇ ਕੋਈ ਵੇਰਵੇ ਹਾਲ ਦੀ ਘੜੀ ਜਾਰੀ ਨਹੀਂ ਕੀਤੇ ਗਏ। ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਸਾਨੂੰ ਇਸ ਗੱਲ ਦਾ ਅਫਸੋਸ ਹੈ ਕਿ ਸਾਨੂੰ ਇਹ ਕਦਮ ਚੁੱਕਣਾ ਪਿਆ ਪਰ ਸਾਡੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਪਾਰਟੀ ਦੇ ਨਿਯਮਾਂ ਤੇ ਫੈਡਰਲ ਕਾਨੂੰਨ ਦਾ ਸਾਰੇ ਉਮੀਦਵਾਰਾਂ ਤੇ ਕੈਂਪੇਨ ਟੀਮਜ਼ ਵੱਲੋਂ ਸਤਿਕਾਰ ਕੀਤਾ ਜਾਵੇ।

ਇਸ ਦੌਰਾਨ ਪਿਏਰ ਪੌਲੀਐਵਰ ਦੀ ਕੈਂਪੇਨ ਵੱਲੋਂ ਵੀ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਹੋਇਆਂ ਬੁੱਧਵਾਰ ਸਵੇਰੇ ਆਖਿਆ ਗਿਆ ਕਿ ਅਜਿਹਾ ਪਹਿਲੀ ਵਾਰੀ ਨਹੀਂ ਹੋਇਆਂ ਕਿ ਪੈਟ੍ਰਿਕ ਨੂੰ ਪਬਲਿਕ ਆਫਿਸ ਵਾਸਤੇ ਚੋਣ ਵਿੱਚ ਹਿੱਸਾ ਲੈਣ ਲਈ ਡਿਸਕੁਆਲੀਫਾਈ ਕੀਤਾ ਗਿਆ ਹੋਵੇ। ਪੌਲੀਐਵਰ ਦੇ ਕੈਂਪੇਨ ਬੁਲਾਰੇ ਐਂਥਨੀ ਕੋਚ ਨੇ ਆਖਿਆ ਕਿ ਓਨਟਾਰੀਓ ਦੀ ਪੀਸੀ ਪਾਰਟੀ ਉਸ ਨੂੰ ਲੋਕਲ ਉਮੀਦਵਾਰ ਵਜੋਂ ਵੀ ਡਿਸਕੁਆਲੀਫਾਈ ਕਰ ਚੁੱਕੀ ਹੈ। ਪੈਟ੍ਰਿਕ ਅਜਿਹਾ ਸ਼ਖਸ ਹੈ ਕਿ ਉਹ ਜਿੱਤਣ ਲਈ ਕੁੱਝ ਵੀ ਕਰ ਸਕਦਾ ਹੈ।

## ਸ਼ੂਟਿੰਗ ਦੇ ਸਬੰਧ ਵਿੱਚ ਇੱਕ ਗੱਡੀ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 7 ਜੁਲਾਈ (ਪੋਸਟ ਬਿਊਰੋ) : ਜੀਟੀਏ ਦੇ ਮੇਜਰ ਹਾਈਵੇਅ ਉੱਤੇ ਚੱਲਦੀ ਕਾਰ ਵਿੱਚੋਂ ਦੂਜੀ ਕਾਰ ਉੱਤੇ ਗੋਲੀਆਂ ਚਲਾਉਣ ਵਾਲੇ ਦੀ ਪੁਲਿਸ ਭਾਲ ਕਰ ਰਹੀ ਹੈ। ਇਸ ਘਟਨਾ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਇਹ ਘਟਨਾ ਰਾਤੀਂ 1:00 ਵਜੇ ਤੋਂ ਬਾਅਦ ਫਿੰਚ ਐਵਨਿਊ ਦੇ ਦੱਖਣ ਵੱਲ ਹਾਈਵੇਅ 400 ਦੀਆਂ ਸਾਊਥ ਵਾਲੀਆਂ ਲੇਨਜ਼ ਉੱਤੇ ਉਦੋਂ ਵਾਪਰੀ, ਜਦੋਂ ਦੋ ਗੱਡੀਆਂ ਵਿੱਚੋਂ ਕੁੱਝ ਵਿਅਕਤੀਆਂ ਵੱਲੋਂ ਇੱਕ ਦੂਜੇ ਉੱਤੇ ਗੋਲੀਆਂ ਚਲਾਈਆਂ ਗਈਆਂ। ਪੈਰਾਮੈਡਿਕਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਇੱਕ ਗੱਡੀ ਦੇ ਡਰਾਈਵਰ ਨੂੰ ਹਸਪਤਾਲ ਲਿਜਾਇਆ ਗਿਆ। ਇਸ ਸਮੇਂ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਪੁਲਿਸ ਨੂੰ ਦੱਸਿਆ ਕਿ ਉਹ ਅਜਿਹੀ ਗੱਡੀ ਦੀ ਭਾਲ ਕਰ ਰਹੀ ਹੈ ਜਿਹੜੀ ਗੂੜ੍ਹੇ ਰੰਗ ਦੀ ਦੋ ਦਰਵਾਜ਼ਿਆਂ ਵਾਲੀ ਸੇਡਾਨ ਹੈ ਤੇ ਇਹ ਗੱਡੀ ਅਧਿਕਾਰੀਆਂ ਦੇ ਮੌਕੇ ਉੱਤੇ ਪਹੁੰਚਣ ਤੋਂ ਪਹਿਲਾਂ ਹੀ ਉੱਥੋਂ ਫਰਾਰ ਹੋ ਗਈ। ਇਸ ਗੱਡੀ ਨੂੰ ਆਖਰੀ ਵਾਰੀ ਹਾਈਵੇਅ 401 ਦੀਆਂ ਦੱਖਣ ਵਾਲੀਆਂ ਲੇਨਜ਼ ਵੱਲੋਂ ਜਾਂਦਿਆਂ ਵੇਖਿਆ ਗਿਆ। ਜਿਸ ਇਲਾਕੇ ਵਿੱਚ ਇਹ ਘਟਨਾ ਵਾਪਰੀ ਉੱਥੋਂ ਪੁਲਿਸ ਨੂੰ ਹਥਿਆਰ ਤੇ ਗੋਲੀਆਂ ਦੇ ਖੋਲ ਵੀ ਮਿਲੇ ਹਨ।

## ਦੋ ਨੌਜਵਾਨਾਂ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰਨ ਵਾਲੇ ਮਸ਼ਕੂਕ ਦੀ ਭਾਲ ਕਰ ਰਹੀ ਹੈ ਪੁਲਿਸ

ਮਿਸੀਸਾਗਾ, 7 ਜੁਲਾਈ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਦੋ ਨੌਜਵਾਨਾਂ ਨੂੰ ਚਾਕੂ ਮਾਰਨ ਵਾਲੇ ਮਸ਼ਕੂਕ ਦੀ ਪੀਲ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਵੀਰਵਾਰ ਨੂੰ ਉਨ੍ਹਾਂ ਨੂੰ ਦੁਪਹਿਰੇ 2:00 ਵਜੇ ਤੋਂ ਠੀਕ ਪਹਿਲਾਂ ਐਰਿਨ ਮਿੱਲਜ਼ ਪਾਰਕਵੇਅ ਤੇ ਐਗਲਿੰਟਨ ਐਵਨਿਊ ਵੈਸਟ ਇਲਾਕੇ ਵਿੱਚ ਐਰਿਨ ਮਿੱਲਜ਼ ਟਾਊਨ ਸੈਂਟਰ ਉੱਤੇ ਸੱਦਿਆ ਗਿਆ।

ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਦੋ ਵਿਅਕਤੀ ਚਾਕੂ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲੇ। ਪੈਰਾਮੈਡਿਕਸ ਅਨੁਸਾਰ ਉਨ੍ਹਾਂ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਦੋਵਾਂ ਜ਼ਖ਼ਮੀ ਵਿਅਕਤੀਆਂ ਦੀ ਉਮਰ ਦਾ ਪਤਾ ਨਹੀਂ ਲੱਗ ਸਕਿਆ ਹੈ।

ਪੁਲਿਸ ਨੇ ਦੱਸਿਆ ਕਿ ਉਹ 15 ਤੋਂ 17 ਸਾਲ ਦਰਮਿਆਨ ਉਮਰ ਦੇ ਮਸ਼ਕੂਕ ਦੀ ਭਾਲ ਕਰ ਰਹੇ ਹਨ, ਉਸ ਨੂੰ ਆਖਰੀ ਵਾਰੀ ਕਾਲੇ ਰੰਗ ਦੀ ਸ਼ਰਟ ਤੇ ਗ੍ਰੇਅ ਸਵੈਟਸ ਪਾਇਆਂ ਵੇਖਿਆ ਗਿਆ।















# ਕੈਨੇਡਾ ਦੇ ਹਸਪਤਾਲਾਂ ਵਿੱਚ ਸਟਾਫ ਦੀ ਘਾਟ ਤੇ ਮਰੀਜ਼ਾਂ ਦੀ ਗਿਣਤੀ ਵਧਣ ਕਾਰਨ ਪੈਦਾ ਹੋਈ ਕਸੂਤੀ ਸਥਿਤੀ

ਟੋਰਾਂਟੋ, 7 ਜੁਲਾਈ (ਪੋਸਟ ਬਿਊਰੋ) :ਪਿਛਲੇ ਕੁੱਝ ਹਫਤਿਆਂ ਵਿੱਚ ਕੈਨੇਡਾ ਭਰ ਦੇ ਸਿਹਤ ਅਧਿਕਾਰੀਆਂ ਵੱਲੋਂ ਹਸਪਤਾਲ ਦੇ ਐਮਰਜੰਸੀ ਡਿਪਾਰਟਮੈਂਟਸ ਤੇ ਅਰਜੈਂਟ ਕੇਅਰ ਕਲੀਨਿਕਸ ਦੇ ਘੰਟਿਆਂ ਵਿੱਚ ਕਟੌਤੀ ਕੀਤੀ ਗਈ ਹੈ। ਮਰੀਜ਼ਾਂ ਦੀ ਗਿਣਤੀ ਵਿੱਚ ਹੋ ਰਹੇ ਵਾਧੇ ਤੇ ਸਟਾਫ ਦੀ ਘਾਟ ਕਾਰਨ ਇਸ ਫੈਸਲੇ ਨੂੰ ਕੁੱਝ ਮਾਮਲਿਆਂ ਵਿੱਚ ਗਰਮੀਆਂ ਵਿੱਚ ਵਧਾਇਆ ਜਾਵੇਗਾ।



ਮਾਮਲੇ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਬਾਲਗਾਂ ਤੇ ਬੱਚਿਆਂ ਵਿੱਚ ਕੋਵਿਡ-19 ਵਰਗੇ ਵਾਇਰਲ ਇਨਫੈਕਸ਼ਨ ਵਿੱਚ ਹੋਣ ਵਾਲੇ ਵਾਧੇ ਤੇ ਮਹਾਂਮਾਰੀ ਕਾਰਨ ਹੋਰ ਬਿਮਾਰੀਆਂ ਦੇ ਇਲਾਜ ਵਿੱਚ ਹੋਈ ਦੇਰ ਕਾਰਨ ਅਜਿਹੀ ਸਥਿਤੀ ਪੈਦਾ ਹੋਈ ਹੈ। ਇਸ ਤੋਂ ਇਲਾਵਾ ਲਗਾਤਾਰ ਕੰਮ ਕਰਦੇ ਰਹਿਣ ਕਾਰਨ ਹੈਲਥਕੇਅਰ ਵਰਕਰਜ਼ ਦੇ ਬਿਮਾਰ ਜਾਂ ਥੱਕ ਜਾਣ ਕਾਰਨ ਵੀ ਅਜਿਹਾ ਮਾਹੌਲ ਬਣ ਗਿਆ ਹੈ।
ਅਜਿਹੇ ਹਾਲਾਤ ਕਾਰਨ ਹਸਪਤਾਲਾਂ ਵਿੱਚ ਹਾਲਵੇਅਜ਼ ਮਰੀਜ਼ਾਂ ਨਾਲ ਭਰੇ ਹੋਏ ਹਨ ਤੇ ਕਲੀਨਿਕ ਵੇਟਿੰਗ ਰੂਮਜ਼ ਵੀ ਲੋੜੋਂ ਵੱਧ ਭਰ ਚੁੱਕੇ ਹਨ। ਇਨਪੇਸ਼ੈਂਟ ਕੇਅਰ ਲਈ ਕਈ ਘੰਟਿਆਂ ਦੀ ਲੰਮੀ ਉਡੀਕ ਕਰਨੀ ਪੈਂਦੀ ਹੈ ਤੇ ਬੱਚਿਆਂ ਦੇ ਹਸਪਤਾਲਾਂ ਵੀ 100 ਫੀ ਸਦੀ ਭਰ ਚੁੱਕੇ ਹਨ। ਸਰਕਾਰ ਵੱਲੋਂ ਫੰਡ ਹਾਸਲ ਕਰਨ ਵਾਲੇ ਇਨ੍ਹਾਂ ਹਸਪਤਾਲਾਂ ਦੀ ਇਸ ਤਰ੍ਹਾਂ ਦੀ ਹਾਲਤ ਨੇ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ।

ਵੀਰਵਾਰ ਨੂੰ ਓਨਟਾਰੀਓ ਦੇ ਪੂਰਬੀ ਹਿੱਸੇ ਵਿੱਚ ਸਥਿਤ ਪਰਥ ਤੇ ਸਮਿੱਥਜ਼ ਫਾਲਜ਼ ਡਿਸਟ੍ਰਿਕਟ ਹਸਪਤਾਲ ਨੇ ਐਲਾਨ ਕੀਤਾ ਕਿ ਪਰਥ ਵਿੱਚ ਐਮਰਜੰਸੀ ਡਿਪਾਰਟਮੈਂਟ ਨੂੰ ਸ਼ਨਿੱਚਰਵਾਰ ਤੋਂ ਵੀਰਵਾਰ ਤੱਕ ਬੰਦ ਕੀਤਾ ਜਾ ਰਿਹਾ ਹੈ ਕਿਉਂਕਿ ਕੋਵਿਡ-19 ਆਊਟਬ੍ਰੇਕ ਕਾਰਨ ਸਟਾਫ ਪ੍ਰਭਾਵਿਤ ਹੋ ਰਿਹਾ ਹੈ। ਇਸ ਤੋਂ ਇਲਾਵਾ ਕੈਨੇਡਾ ਵਿੱਚ ਨਿੱਕੇ ਟਾਊਨਜ਼ ਤੇ ਸਿਟੀਜ਼ ਦੇ ਹਸਪਤਾਲਾਂ ਵੱਲੋਂ ਕਈ ਵਾਰੀ ਕੰਮ ਦੇ ਘੰਟੇ ਘਟਾਏ ਜਾ ਰਹੇ ਹਨ। ਰੀਜਨਲ ਹੈਲਥ ਹੱਬਜ਼ ਵੱਲੋਂ ਅਜਿਹਾ ਕਰਨਾ ਕਾਫੀ ਵਿਲੱਖਣ ਮਾਮਲਾ ਹੈ।

ਇਸ ਦੌਰਾਨ ਓਨਟਾਰੀਓ ਦੇ ਸਿਹਤ ਮੰਤਰਾਲੇ ਵੱਲੋਂ ਇਸ ਬਾਰੇ ਕੋਈ ਬਿਆਨ ਨਹੀਂ ਦਿੱਤਾ ਗਿਆ ਕਿ ਪ੍ਰੋਵਿੰਸ ਵਿੱਚ ਕਿੰਨੇ ਹਸਪਤਾਲਾਂ ਨੂੰ ਅੰਸ਼ਕ ਜਾਂ ਆਰਜ਼ੀ ਤੌਰ ਉੱਤੇ ਬੰਦ ਕੀਤਾ ਜਾ ਰਿਹਾ ਹੈ। ਇਹ ਸਾਰਾ ਕੁੱਝ ਸਟਾਫ, ਜਿਨ੍ਹਾਂ ਵਿੱਚ ਨਰਸਾਂ ਤੇ ਹੋਰ ਹੈਲਥਕੇਅਰ ਵਰਕਰਜ਼ ਸ਼ਾਮਲ ਹਨ, ਦੀ ਘਾਟ ਕਾਰਨ ਕੀਤਾ ਜਾ ਰਿਹਾ ਹੈ।

ਕਿਊਬਿਕ, ਮੈਨੀਟੋਬਾ ਤੇ ਨਿਊ ਬਰੰਜ਼ਵਿੱਕ ਵਿੱਚ ਵੀ ਕਈ ਹਸਪਤਾਲ ਤੇ ਕਲੀਨਿਕਸ ਨੂੰ ਅੰਸ਼ਕ ਤੌਰ ਉੱਤੇ ਬੰਦ ਕੀਤਾ ਜਾ ਰਿਹਾ ਹੈ। ਕਿੰਗਸਟਨ ਵਿੱਚ ਕੈਨੇਡਾ ਡੇਅ ਲਾਂਗ ਵੀਕੈਂਡ ਲਈ ਹੋਟਲ ਡਿਊ ਹੌਸਪਿਟਲਜ਼ ਅਰਜੈਂਟ ਕੇਅਰ ਕਲੀਨਿਕ ਦੇ ਕਈ ਘੰਟੇ ਘਟਾ ਦਿੱਤੇ ਗਏ। ਇਹ ਸਮੱਸਿਆ ਸਟਾਫ ਦੀ ਘਾਟ ਤੇ ਮਰੀਜ਼ਾਂ ਦੀ ਗਿਣਤੀ ਵਿੱਚ ਹੋ ਰਹੇ ਵਾਧੇ ਕਾਰਨ ਸਾਹਮਣੇ ਆ ਰਹੀ ਹੈ।

# ਟਵਿੱਟਰ ਨੇ ਭਾਰਤ ਵਿੱਚ ਖਾਲਸਾ ਏਡ ਦੇ ਰਵੀ ਸਿੰਘ ਸਣੇ 46,000 ਅਕਾਊਂਟ ਰੋਕੇ

ਨਵੀਂ ਦਿੱਲੀ, 7 ਜੁਲਾਈ, (ਪੋਸਟ ਬਿਊਰੋ)- ਸੋਸ਼ਲ ਮੀਡੀਆ ਸਾਈਟ ਟਵਿੱਟਰ ਨੇ ਬੀਤੇ ਮਈ ਵਿੱਚ ਆਪਣੇ ਨਿਰਦੇਸ਼ਾਂ ਦੀ ਉਲੰਘਣਾ ਕਰ ਰਹੇ ਭਾਰਤੀ ਯੂਜ਼ਰਜ਼ ਦੇ 46,000 ਤੋਂ ਵੱਧ ਖਾਤੇ ਬੰਦ ਕਰ ਦਿੱਤੇ ਸਨ। ਮਾਈਕ੍ਰੋਬਲਾਗਿੰਗ ਸਾਈਟ ਨੇ ਇਸ ਸੰਬੰਧ ਵਿੱਚ ਆਪਣੀ ਮਾਸਿਕ ਕੰਪਲਾਇੰਸ ਰਿਪੋਰਟ ਵਿੱਚ ਇਹ ਗੱਲਦੱਸੀ ਹੈ।

ਟਵਿੱਟਰਦੀ ਆਪਣੀ ਇਸ ਰਿਪੋਰਟ ਮੁਤਾਬਕ ਉਸ ਨੇ ਬਾਲ ਸੈਕਸ ਸ਼ੋਸ਼ਣ, ਗੈਰ-ਸਹਿਮਤੀ ਵਾਲੀ ਪੋਰਨਅਤੇ ਇਹੋ ਜਿਹੀ ਹੋਰ ਸਮੱਗਰੀ ਨਾਲ ਜੁੜੇ 43,656 ਖਾਤੇ ਹਟਾਏ ਹਨ, ਜਦਕਿ 2,870 ਟਵਿੱਟਰ ਅਕਾਊਂਟਸ ਅੱਤਵਾਦ ਨੂੰ ਉਤਸ਼ਾਹਤ ਕਰਨ ਕਰ ਕੇ ਬੰਦ ਕੀਤੇ ਹਨ। ਇਨ੍ਹਾਂ ਵਿੱਚ ਖਾਲਸਾ ਏਡ ਦੇ ਰਵੀ ਸਿੰਘ ਦਾ ਅਕਾਊਂਟ ਵੀ ਹੈ।ਟਵਿੱਟਰਨੂੰ 26 ਅਪ੍ਰੈਲ ਤੋਂ 25 ਮਈ 2022 ਦੌਰਾਨ ਇਸਦੇ ਲੋਕਲ ਕੰਪਲੇਂਟ ਪਰੋਟੋਕੋਲ ਆਫਿਸ ਦੇਰਾਹੀਂ ਭਾਰਤ ਵਿੱਚੋਂ 1,698 ਸ਼ਿਕਾਇਤਾਂਮਿਲੀਆਂ ਸਨ। ਦੁਰ-ਵਿਹਾਰ ਜਾਂ ਪ੍ਰੇਸ਼ਾਨ ਕਰਨ ਦੇ 1,366, ਨਫ਼ਰਤ ਦੇ ਕੇਸਾਂ ਬਾਰੇਔਨਲਾਈਨ ਪੋਰਟਲ ਦੇ ਰਾਹੀਂ 111, ਗਲਤ ਜਾਣਕਾਰੀ ਅਤੇ ਹੇਰਾਫੇਰੀ ਕਰਦੇ ਮੀਡੀਆ ਦੇ 36, ਸੰਵੇਦਨਸ਼ੀਲ ਅਡਲਟ ਸਮਗਰੀ ਦੇ 28 ਤੇ ਨਕਲ ਕਰਨ ਬਾਰੇ 25 ਸ਼ਿਕਾਇਤਾਂ ਮਿਲੀਆਂ ਸਨ। ਇਸ ਦੇ ਨਾਲ 1,621 ਯੂਨੀਫਾਰਮ ਰਿਸੋਰਸ ਲੋਕੇਟਰ (ਯੂ ਆਰਐੱਲ) ਦੇ ਖਿਲਾਫ ਕਾਰਵਾਈ ਕੀਤੀ ਗਈ ਹੈ। ਔਨਲਾਈਨ ਪਰੇਸ਼ਾਨੀ ਨਾਲ ਸਬੰਧਤ ਨਿਯਮਾਂ ਦੀ ਉਲੰਘਣਾ ਕਰਨ ਵਾਲੇ 1,077, ਨਫ਼ਰਤ ਦੇਕੇਸ ਵਾਲੇ 362 ਤੇ ਸੰਵੇਦਨਸ਼ੀਲ ਅਡਲਟ ਸਮੱਗਰੀ ਦੇ 154 ਕੇਸ ਸਨ। ਇਸ ਦੇ ਨਾਲ ਟਵਿਟਰ ਨੇ 115 ਸ਼ਿਕਾਇਤਾਂ ਉੱਤੇ ਕਾਰਵਾਈ ਕੀਤੀ ਹੈ, ਜਿਸ ਵਿੱਚ ਅਕਾਊਂਟ ਸਸਪੈਂਸ਼ਨ ਦੀ ਅਪੀਲ ਕੀਤੀ ਸੀ, ਪਰ ਕਿਸੇ ਵੀ ਸਸਪੈਂਡ ਖਾਤੇ ਨੂੰ ਪੱਕਾ ਬੰਦ ਨਹੀਂ ਕੀਤਾ। ਰਿਪੋਰਟ ਵਿੱਚਟਵਿੱਟਰ ਨੇ ਕਿਹਾ ਕਿ ਜਦੋਂ ਅਸੀਂ ਇਸ ਪਲੇਟਫਾਰਮ ਉੱਤੇ ਆਪਣੇ ਆਪ ਨੂੰ ਪੇਸ਼ ਕਰਨ ਲਈ ਸਭ ਦਾ ਸੁਆਗਤ ਕਰਦੇ ਹਾਂ ਤਾਂਦੂਸਰਿਆਂ ਦੀ ਆਵਾਜ਼ ਨੂੰ ਦਬਾਉਣ ਦੀ ਧਮਕੀ ਜਾਂ ਅਣਮਨੁੱਖੀ ਵਿਹਾਰ ਜਾਂ ਡਰਾਉਣ ਰਾਹੀਂ ਕਿਸੇ ਨੂੰ ਪਰੇਸ਼ਾਨ ਕਰਨ ਨੂੰ ਬਰਦਾਸ਼ਤ ਨਹੀਂ ਕਰਦੇ।



'ਖ਼ਾਲਸਾ ਏਡ' ਦੇ ਰਵੀ ਸਿੰਘ ਖ਼ਾਲਸਾ ਦੇ ਅਕਾਊਂਟ ਉੱਤੇ ਭਾਰਤ ਵਿੱਚਭਾਜਪਾ ਵਿਰੋਧੀ ਪੋਸਟ ਕਾਰਨ ਪਾਬੰਦੀ ਲੱਗੀ ਹੈ। ਇਸ ਬਾਰੇ ਰਵੀ ਸਿੰਘ ਨੇ ਕਿਹਾ ਕਿ ਸੋਸ਼ਲ ਮੀਡੀਆ ਅਕਾਊਂਟਰੋਕਣ ਨਾਲ ਵਿਰੋਧੀ ਆਵਾਜ਼ਾਂ ਨੂੰ ਦਬਾਇਆ ਨਹੀਂ ਜਾ ਸਕਦਾ। ਇਹ ਭਾਜਪਾ ਹੇਠ ਲੋਕਤੰਤਰ ਦਾ ਅਸਲੀ ਚਿਹਰਾ ਹੈ।ਇਸ ਬਾਰੇ ਟਵਿੱਟਰਨੇਬਾਕਾਇਦਾਕੁਝ ਨਹੀਂ ਦੱਸਿਆ, ਉਸ ਦੇ ਅਕਾਊਂਟ ਉੱਤੇ ਲਿਖਿਆ ਹੈ ਕਿ ਕਾਨੂੰਨੀ ਕਾਰਨਾਂ ਕਰਕੇ ਇਸ ਉੱਤੇ ਪਾਬੰਦੀ ਲਾਈ ਗਈ ਹੈ।

ਵਰਨਣ ਯੋਗ ਹੈ ਕਿ ਭਾਰਤ ਸਰਕਾਰ ਪਿਛਲੇ ਕੁਝ ਸਮੇਂ ਦੌਰਾਨ ਸਿੱਧੂ ਮੂਸੇਵਾਲਾ ਦੇ ਗੀਤ 'ਐੱਸਵਾਈਐੱਲ' ਅਤੇ ਕਿਸਾਨਾਂ ਦੇ ਟਵਿੱਟਰ ਅਕਾਊਂਟ ਉੱਤੇਵੀ ਪਾਬੰਦੀ ਲਵਾ ਚੁੱਕੀ ਹੈ। ਮੂਸੇਵਾਲਾ ਦੇ ਗੀਤ ਵਿਚ ਪੰਜਾਬ ਤੇ ਹਰਿਆਣਾ ਵਿਚਾਲੇ ਚਿਰਾਂ ਤੋਂ ਚੱਲ ਰਹੇ ਐੱਸਵਾਈਐੱਲ (ਸਤਲੁਜ-ਯਮੁਨਾ ਲਿੰਕ) ਨਹਿਰ ਦਾ ਜ਼ਿਕਰ ਸੀ। ਇਹ ਗੀਤ ਯੂਟਿਊਬ ਉੱਤੇ ਭਾਰਤ ਵਿਚ ਨਹੀਂ ਵੇਖਿਆ ਜਾ ਸਕਦਾ, ਪਰ ਹੋਰ ਦੇਸ਼ਾਂ ਵਿੱਚ ਹਾਲੇ ਵੀ ਰਿਕਾਰਡ ਤੋੜ ਰਿਹਾ ਹੈ। ਬਾਦਲ ਅਕਾਲੀ ਦਲ ਨੇ ਵਿਸ਼ਵ ਭਰ ਵਿੱਚ ਮਨੁੱਖੀ ਸਹਾਇਤਾ ਲਈ ਜਾਣੀ ਜਾਂਦੀ ਸੰਸਥਾ ਖਾਲਸਾ ਏਡ ਦੇ ਮੋਢੀ ਰਵੀ ਸਿੰਘ ਦੇ ਟਵਿੱਟਰ ਅਕਾਊਂਟ ਉੱਤੇ ਪਾਬੰਦੀ ਦੀ ਸਖ਼ਤ ਨਿੰਦਾ ਕੀਤੀ ਅਤੇ ਕਿਹਾ ਹੈ ਕਿ ਇਸ ਨਾਲ ਭਾਰਤ ਦਾ ਅਜਿਹੇ ਦੇਸ਼ ਵਜੋਂ ਗਲਤ ਪ੍ਰਭਾਵ ਬਣਿਆ ਹੈ, ਜੋ ਬੋਲਣ ਅਤੇ ਪ੍ਰਗਟਾਵੇ ਦੇ ਅਧਿਕਾਰ ਨੂੰ ਘਟਾ ਰਿਹਾ ਹੈ। ਇਸ ਦੌਰਾਨ ਗੁਗਲ ਇੰਡੀਆ ਨੇ ਆਪਣੀ ਮਾਸਿਕ ਰਿਪੋਰਟ ਵਿੱਚਦੱਸਿਆ ਹੈ ਕਿ ਬੱਚਿਆਂ ਦੇ ਸੈਕਸ ਸ਼ੋਸ਼ਣ ਤੇ ਹਿੰਸਕ ਕੱਟੜਪੰਥੀਪੁਣੇਆਦਿਗਲਤ ਸਮੱਗਰੀ ਰੋਕਣ ਲਈ ਬੀਤੇ ਮਈ ਵਿੱਚਆਟੋ ਖੋਜ ਨਾਲ 93,303 ਖਰਾਬ ਪੋਸਟਾਂ ਨੂੰ ਠੀਕ ਕੀਤਾ ਹੈ। ਕੰਪਨੀ ਨੇ ਯੂਜ਼ਰਜ਼ ਦੀਆਂ ਸ਼ਿਕਾਇਤਾਂ ਉੱਤੇ 62,673 ਪੋਸਟਾਂ ਨੂੰ ਹਟਾਇਆ ਹੈ। ਮੈਟਾ ਦੀ ਮਾਲਕੀਵਾਲੀ ਸਾਈਟ ਨੇਦੱਸਿਆ ਕਿ ਉਸਨੇ ਨਵੇਂ ਆਈਟੀ ਨਿਯਮਾਂ 2021 ਦੀ ਪਾਲਣਾ ਹੇਠ ਮਈ ਵਿੱਚ ਭਾਰਤ ਦੇ 19 ਲੱਖ ਤੋਂ ਵੱਧ ਖਰਾਬ ਅਕਾਊਂਟਸ ਉੱਤੇ ਪਾਬੰਦੀ ਲਾਈ ਅਤੇ ਅਪ੍ਰੈਲ ਵਿੱਚ 6.6 ਲੱਖ ਤੋਂ ਵੱਧ ਖਰਾਬ ਅਕਾਊਂਟਸ ਰੋਕੇ ਹਨ।ਮੈਟਾ ਨੂੰ ਮਈ ਵਿੱਚਭਾਰਤ ਵਿੱਚ 528 ਸ਼ਿਕਾਇਤਾਂ ਮਿਲੀਆਂ ਤੇ ਕਾਰਵਾਈ ਵਾਲੇ ਖਾਤੇ ਸਿਰਫ 24 ਸਨ। ਅਪ੍ਰੈਲ ਵਿੱਚ ਵਟਸਐਪ ਨੂੰ 844 ਸ਼ਿਕਾਇਤਾਂ ਮਿਲੀਆਂ ਅਤੇ ਕਾਰਵਾਈ ਸਿਰਫ 123 ਉੱਤੇ ਕੀਤੀ ਗਈ ਸੀ।

## ਜਿਸ ਮਹਿਲਾ ਨੂੰ ਬੱਸ ਵਿੱਚ ਲਾਈ ਗਈ ਸੀ ਅੱਗ ਉਸ ਦੀ ਹੋਈ ਮੌਤ



ਟੋਰਾਂਟੋ, 7 ਜੁਲਾਈ (ਪੋਸਟ ਬਿਊਰੋ) : ਪਿਛਲੇ ਮਹੀਨੇ ਟੋਰਾਂਟੋ ਦੀ ਬੱਸ ਵਿੱਚ ਸਫਰ ਕਰਦੇ ਸਮੇਂ ਜਿਸ ਮਹਿਲਾ ਨੂੰ ਅਚਾਨਕ ਅੱਗ ਲਾ ਦਿੱਤੀ ਗਈ ਸੀ ਉਸ ਦੀ ਮੌਤ ਹੋ ਗਈ ਹੈ। ਇਸ ਦੀ ਪੁਸ਼ਟੀ ਪੁਲਿਸ ਵੱਲੋਂ ਕੀਤੀ ਗਈ।

ਇਹ ਘਟਨਾ 17 ਜੂਨ ਨੂੰ ਕਿਪਲਿੰਗ ਐਵਨਿਊ ਤੇ ਡੰਡਸ ਸਟਰੀਟ ਨੇੜੇ ਕਿਪਲਿੰਗ ਸਟੇਸ਼ਨ ਉੱਤੇ ਦੁਪਹਿਰੇ 12:30 ਵਜੇ ਦੇ ਨੇੜੇ ਤੇੜੇ ਵਾਪਰੀ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੇ ਕਥਿਤ ਤੌਰ ਉੱਤੇ ਇੱਕ ਮਹਿਲਾ ਯਾਤਰੀ ਉੱਤੇ ਕੋਈ ਜਲਣਸ਼ੀਲ ਲੀਕੁਇਡ ਪਾ ਕੇ ਅੱਗ ਲਾ ਦਿੱਤੀ। ਇਹ ਮਹਿਲਾ ਆਪਣੇ 20ਵਿਆਂ ਵਿੱਚ ਸੀ। ਉਸ ਨੂੰ ਸੈਕਿੰਡ ਤੇ ਥਰਡ ਡਿਗਰੀ ਬਰਨਜ਼ ਨਾਲ ਹਸਪਤਾਲ ਲਿਜਾਇਆ ਗਿਆ।ਪੁਲਿਸ ਨੇ ਦੱਸਿਆ ਕਿ ਮਹਿਲਾ ਦੀ ਮੌਤ ਹੋ ਗਈ ਹੈ। ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥ ਲੈ ਲਈ ਗਈ ਹੈ।

ਇਸ ਹਾਦਸੇ ਦੇ ਸਬੰਧ ਵਿੱਚ ਟੋਰਾਂਟੋ ਦੇ ਰਹਿਣ ਵਾਲੇ ਤੈਨਜ਼ਿਨ ਨੋਰਬੂ ਨੂੰ ਕਤਲ ਦੀ ਕੋਸ਼ਿਸ਼ ਕਰਨ ਤੇ ਹਥਿਆਰ ਨਾਲ ਹਮਲਾ ਕਰਨ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ।ਉਸ ਸਮੇਂ ਪੁਲਿਸ ਨੇ ਆਖਿਆ ਸੀ ਕਿ ਉਹ ਇਸ ਨੂੰ ਨਫਰਤ ਤੋਂ ਪ੍ਰੇਰਿਤ ਜੁਰਮ ਮੰਨ ਕੇ ਚੱਲ ਰਹੇ ਹਨ। ਇਸ ਸਬੰਧ ਵਿੱਚ ਹੋਰ ਵੇਰਵੇ ਮੁਹੱਈਆ ਨਹੀਂ ਕਰਵਾਏ ਗਏ। ਇਹ ਚਾਰਜ ਅਜੇ ਅਦਾਲਤ ਵਿੱਚ ਸਿੱਧ ਨਹੀਂ ਹੋਏ ਹਨ।

## ਪੀਲ ਰੀਜਨ ਵਿਚ ਰਾਤ ਸਮੇਂ ਵਾਪਰੇ ਦੋ ਹਾਦਸਿਆਂ ਵਿਚ 2 ਹਲਾਕ, ਚਾਰ ਹੋਰ ਜ਼ਖ਼ਮੀ

ਓਨਟਾਰੀਓ, 7 ਜੁਲਾਈ (ਪੋਸਟ ਬਿਊਰੋ) : ਪੀਲ ਰੀਜਨ ਵਿੱਚ ਬੀਤੇ ਦਿਨੀਂ ਰਾਤ ਸਮੇਂ ਵਾਪਰੇ ਦੋ ਵੱਖ ਵੱਖ ਹਾਦਸਿਆਂ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਨੌਂ ਮਹੀਨੇ ਦੇ ਬੱਚੇ ਸਮੇਤ ਚਾਰ ਹੋਰ ਜ਼ਖ਼ਮੀ ਹੋ ਗਏ।



ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਹਿਲਾਂ ਮਿਸੀਸਾਗਾ ਵਿੱਚ ਡੈਰੀ ਰੋਡ ਤੇ ਨਾਈਨਥ ਲਾਈਨ ਉੱਤੇ ਰਾਤੀਂ 10:38 ਵਜੇ ਸੱਦਿਆ ਗਿਆ। ਮੌਕੇ ਉੱਤੇ ਪੁਲਿਸ ਨੂੰ ਇੱਕ 20 ਸਾਲਾ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿ-ਲਿਆ ਪਰ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਉਸੇ ਗੱਡੀ ਵਿੱਚ ਸਵਾਰ ਮਹਿਲਾ ਨੂੰ ਗੰਭੀਰ ਹਾਲਤ ਵਿੱਚ ਸੰਨੀਬਰੁੱਕ ਹਸਪਤਾਲ ਪਹੁੰਚਾਇਆ ਗਿਆ। ਜਿਸ ਲਾਂਘੇ ਉੱਤੇ ਇਹ ਹਾਦਸਾ ਵਾਪਰਿਆ ਉਸ ਨੂੰ ਸਾਰੇ ਪਾਸਿਆਂ ਤੋਂ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ।

ਇਸ ਤੋਂ ਦੋ ਘੰਟੇ ਬਾਅਦ ਪੁਲਿਸ ਨੂੰ ਰਾਤੀਂ 12:39 ਉੱਤੇ ਬਰੈਂਪਟਨ ਵਿੱਚ ਵਾਪਰੇ ਇੱਕ ਹੋਰ ਹਾਦਸੇ ਲਈ ਕ੍ਰੈਡਿਟਵਿਊ ਰੋਡ ਤੇ ਵੇਨਲੈੱਸ ਡਰਾਈਵ ਉੱਤੇ ਸੱਦਿਆ ਗਿਆ। ਦੋ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਕਾਰਨ ਇੱਕ ਗੱਡੀ ਵਿੱਚ ਸਵਾਰ ਵਿਅਕਤੀ ਝਟਕੇ ਨਾਲ ਬਾਹਰ ਜਾ ਡਿੱਗਿਆ।29 ਸਾਲਾਂ ਦੇ ਇਸ ਵਿਅਕਤੀ ਦੀ ਹਸਪਤਾਲ ਵਿੱਚ ਮੌਤ ਹੋ ਗਈ। ਦੂਜੀ ਗੱਡੀ ਵਿੱਚ ਇੱਕੋ ਪਰਿਵਾਰ ਦੇ ਤਿੰਨ ਮੈਂਬਰ ਸਵਾਰ ਸਨ ਤੇ ਇਨ੍ਹਾਂ ਵਿੱਚ ਨੌਂ ਮਹੀਨੇ ਦਾ ਬੱਚਾ ਵੀ ਸੀ। ਉਨ੍ਹਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਬੱਚਾ ਤੇ ਉਸ ਦਾ ਪਿਤਾ ਹੁਣ ਠੀਕ ਹਾਲਤ ਵਿੱਚ ਹਨ ਤੇ ਬੱਚੇ ਦੀ ਮਾਂ ਗੰਭੀਰ ਪਰ ਸਥਿਰ ਦੱਸੀ ਜਾਂਦੀ ਹੈ।

ਚਸ਼ਮਦੀਦਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇੱਕ ਜੀਪ ਰੈੱਡ ਲਾਈਟ ਦੀ ਪਰਵਾਹ ਕੀਤੇ ਬਿਨਾਂ ਅੱਗੇ ਵੱਧ ਗਈ ਤੇ ਇੱਕ ਹੋਰ ਗੱਡੀ ਨਾਲ ਜਾ ਟਕਰਾਈ। ਪੁਲਿਸ ਨੇ ਬਾਅਦ ਵਿੱਚ ਦੱਸਿਆ ਕਿ ਜਿਸ ਗੱਡੀ ਵਿੱਚ ਸਵਾਰ 29 ਸਾਲਾ ਵਿਅਕਤੀ ਮਾਰਿਆ ਗਿਆ ਉਸ ਨੂੰ ਚਲਾਉਣ ਵਾਲੇ 29 ਸਾਲਾ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਪੁਲਿਸ ਵੱਲੋਂ ਉਸ ਦੀ ਪਛਾਣ ਸੁਪਿੰਦਰ ਸਿੰਘ ਵਜੋਂ ਕੀਤੀ ਗਈ ਹੈ। ਉਸ ਨੂੰ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣ ਸਮੇਤ ਤਿੰਨ ਮਾਮਲਿਆਂ ਲਈ ਚਾਰਜ ਵੀ ਕੀਤਾ ਗਿਆ ਹੈ।ਇਸ ਲਾਂਘੇ ਨੂੰ ਵੀ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤਾ ਗਿਆ ਹੈ।

## ਇੱਕ ਵਿਅਕਤੀ ਉੱਤੇ ਕਈ ਵਾਰੀ ਹਮਲਾ ਕਰਨ ਵਾਲੇ ਮਸ਼ਕੂਕ ਦੀ ਪੁਲਿਸ ਕਰ ਰਹੀ ਹੈ ਭਾਲ

ਟੋਰਾਂਟੋ, 7 ਜੁਲਾਈ (ਪੋਸਟ ਬਿਊਰੋ) : ਟੀਟੀਸੀ ਸਟੇਸ਼ਨ ਦੇ ਪੂਰਬੀ ਸਿਰੇ ਉੱਤੇ ਇੱਕ ਵਿਅਕਤੀ ਉੱਤੇ ਕਈ ਵਾਰੀ ਹਮਲਾ ਕਰਨ ਦੇ ਮਾਮਲੇ ਵਿੱਚ ਟੋਰਾਂਟੋ ਪੁਲਿਸ ਵੱਲੋਂ ਇੱਕ ਮਸ਼ਕੂਕ ਦੀ ਭਾਲ ਕੀਤੀ ਜਾ ਰਹੀ ਹੈ। ਟੋਰਾਂਟੋ ਪੁਲਿਸ ਵੱਲੋਂ ਇਸ ਮਸ਼ਕੂਕ ਦੀ ਸਕਿਊਰਿਟੀ ਕੈਮਰੇ ਵਾਲੀ ਤਸਵੀਰ ਵੀ ਜਾਰੀ ਕੀਤੀ ਗਈ ਹੈ।



ਇਹ ਘਟਨਾ 27 ਜੂਨ ਨੂੰ ਦੁਪਹਿਰੇ 3:35 ਉੱਤੇ ਡੈਨਫੋਰਥ ਐਵਨਿਊ ਦੇ ਉੱਤਰ ਵੱਲ ਸਥਿਤ ਵਿਕਟੋਰੀਆ ਪਾਰਕ ਸਬਵੇਅ ਸਟੇਸ਼ਨ ਉੱਤੇ ਵਾਪਰੀ। ਪੁਲਿਸ ਅਨੁਸਾਰ ਇੱਕ 49 ਸਾਲਾ ਵਿਅਕਤੀ ਦੁਪਹਿਰ ਦੇ 3:30 ਵਜੇ ਸਟੇਸ਼ਨ ਦੇ ਬਾਹਰ ਸਿਗਰਟ ਪੀ ਰਿਹਾ ਸੀ ਜਦੋਂ ਉਸ ਦੀ ਤੂੰ ਤੂੰ ਮੈਂ ਮੈਂ ਇੱਕ ਹੋਰ ਵਿਅਕਤੀ ਨਾਲ ਹੋ ਗਈ।

ਜਾਂਚਕਾਰਾਂ ਨੇ ਦੱਸਿਆ ਕਿ ਇਸ ਮਗਰੋਂ ਦੂਜੇ ਸ਼ਖਸ ਨੇ 49 ਸਾਲਾ ਵਿਅਕਤੀ ਉੱਤੇ ਕਈ ਵਾਰੀ ਹਮਲਾ ਕੀਤਾ।ਜ਼ਖ਼ਮੀ ਹਾਲਤ ਵਿੱਚ ਉਸ ਵਿਅਕਤੀ ਨੂੰ ਹਸਪਤਾਲ ਲਿਜ-ਾਇਆ ਗਿਆ, ਜਿੱਥੇ ਇਲਾਜ ਤੋਂ ਬਾਅਦ ਉਸ ਨੂੰ ਛੁੱਟੀ ਦੇ ਦਿੱਤੀ ਗਈ। ਮਸ਼ਕੂਕ ਦੀ ਕੱਦਕਾਠੀ ਦਰਮਿਆਨੀ ਦੱਸੀ ਜਾਂਦੀ ਹੈ ਤੇ ਉਸ ਦੇ ਕਾਲੇ ਤੇ ਭਾਰੇ ਵਾਲ ਹਨ। ਉਸ ਨੂੰ ਆਖਰੀ ਵਾਰੀ ਨੀਲੇ ਤੇ ਚਿੱਟੇ ਰੰਗ ਦੀ ਲਾਈਨਾਂ ਵਾਲੀ ਸ਼ਰਟ ਤੇ ਨੀਲੀ ਜੀਨਜ਼, ਗ੍ਰੇਅ ਰਨਰਜ਼ ਤੇ ਚਿੱਟੇ ਜੁੱਤਿਆਂ ਵਿੱਚ ਵੇਖਿਆ ਗਿਆ ਸੀ। ਉਸ ਕੋਲ ਸੈੱਲਫੋਨ ਸੀ ਜਿਸ ਨਾਲ ਉਸ ਨੇ ਹੈੱਡਫੋਨ ਜੋੜੇ ਹੋਏ ਸਨ।

## ਪੂਲ ਵਿੱਚ ਕਲੋਰੀਨ ਦਾ ਪੱਧਰ ਵਧਣ ਕਾਰਨ ਪੰਜ ਵਿਅਕਤੀ ਹਸਪਤਾਲ ਦਾਖਲ



ਨੌਰਥ ਯੌਰਕ, 7 ਜੁਲਾਈ (ਪੋਸਟ ਬਿਊਰੋ) : ਬੀਤੇ ਦਿਨੀਂ ਨੌਰਥ ਯੌਰਕ ਦੇ ਇੱਕ ਫਿੱਟਨੈੱਸ ਪੂਲ ਵਿੱਚ ਕਲੋਰੀਨ ਦਾ ਪੱਧਰ ਵੱਧ ਜਾਣ ਕਾਰਨ ਦੋ ਬੱਚਿਆਂ ਸਮੇਤ ਪੰਜ ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ।

ਸ਼ੈਪਰਡ ਐਵਨਿਊ ਵੈਸਟ ਤੇ ਯੰਗ ਸਟਰੀਟ ਏਰੀਆ ਵਿੱਚ ਵੀਰਵਾਰ ਨੂੰ ਸ਼ਾਮੀਂ 5:00 ਵਜੇ ਲਾ ਫਿੱਟਨੈੱਸ ਤੋਂ ਮਿਲੀ ਮੈਡੀਕਲ ਸ਼ਿਕਾਇਤ ਤੋਂ ਬਾਅਦ ਟੋਰਾਂਟੋ ਫਾਇਰ ਤੁਰੰਤ ਮੌਕੇ ਉੱਤੇ ਪਹੁੰਚੀ। ਫਰਸਟ ਰਿਸਪਾਂਡਰਜ਼ ਨੇ ਦੱਸਿਆ ਕਿ ਕਈ ਲੋਕਾਂ ਨੂੰ ਪੂਲ ਵਿੱਚ ਸਾਹ ਲੈਣ ਵਿੱਚ ਦਿੱਕਤ ਹੋ ਰਹੀ ਸੀ।ਦਸ ਵਿਅਕਤੀਆਂ ਦੀ ਮੌਕੇ ਉੱਤੇ ਹੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ ਪੰਜ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਇਨ੍ਹਾਂ ਵਿੱਚੋਂ ਦੋ ਬੱਚੇ ਹਨ। ਟੋਰਾਂਟੋ ਫਾਇਰ ਤੇ ਪੈਰਾਮੈਡਿਕਸ ਵੱਲੋਂ ਪੂਲ ਨੂੰ ਡੀਕੌਂਟੈਮੀਨੇਟ ਕੀਤਾ ਗਿਆ। ਇਸ ਮਾਮਲੇ ਦੀ ਜਾਂਚ ਲਈ ਲੇਬਰ ਮੰਤਰਾਲੇ ਨੂੰ ਸੱਦਿਆ ਗਿਆ।

## ਓਸ਼ਵਾ ਪੁਲਿਸ ਸਟੇਸ਼ਨ ਦੇ ਬਾਹਰ ਕਾਰ ਵਿੱਚ ਹੋਇਆ ਧਮਾਕਾ, ਇੱਕ ਗ੍ਰਿਫਤਾਰ



ਓਸ਼ਵਾ, 7 ਜੁਲਾਈ (ਪੋਸਟ ਬਿਊਰੋ) : ਵੀਰਵਾਰ ਰਾਤ ਨੂੰ ਓਸ਼ਵਾ ਦੇ ਪੁਲਿਸ ਸਟੇਸ਼ਨ ਦੇ ਸਾਹਮਣੇ ਇੱਕ ਕਾਰ ਵਿੱਚ ਧਮਾਕਾ ਹੋਣ ਤੋਂ ਬਾਅਦ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਦਰਹਾਮ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਘਟਨਾ ਰਾਤੀਂ 8:14 ਉੱਤੇ ਸੈਂਟਰ ਸਟਰੀਟ ਨੌਰਥ ਤੇ ਬੌਂਡ ਸਟਰੀਟ ਵੈਸਟ ਏਰੀਆ ਵਿੱਚ ਸਥਿਤ ਸੈਂਟਰਲ ਈਸਟ ਡਵੀਜ਼ਨ ਸਟੇਸ਼ਨ ਦੇ ਸਾਹਮਣੇ ਵਾਪਰੀ। ਪੁਲਿਸ ਨੇ ਦੱਸਿਆ ਕਿ ਇਸ ਦੌਰਾਨ ਕਿਸੇ ਦੇ ਵੀ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਘਟਨਾ ਤੋਂ ਤੁਰੰਤ ਬਾਅਦ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਸਾਰਜੈਂਟ ਜੋਏਨ ਬੌਰਟੋਲਾਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਅਜੇ ਮੁੱਢਲੇ ਪੜਾਅ ਵਿੱਚ ਹੈ ਤੇ ਅਜੇ ਇਹ ਨਹੀਂ ਆਖਿਆ ਜਾ ਸਕਦਾ ਕਿ ਇਹ ਸੱਭ ਕਿਵੇਂ ਵਾਪਰਿਆ।

## ਕੈਨੇਡਾ ਡੇਅ ਤੋਂ ਪਹਿਲਾਂ ਓਟਵਾ ਵਿੱਚ ਵੈਕਸੀਨ ਸਬੰਧੀ ਨਿਯਮਾਂ ਦਾ ਵਿਰੋਧ ਕਰਨ ਲਈ ਕੱਢਿਆ ਗਿਆ ਮਾਰਚ, 4 ਗ੍ਰਿਫਤਾਰ

ਓਟਵਾ, 7 ਜੁਲਾਈ (ਪੋਸਟ ਬਿਊਰੋ) : ਕੋਵਿਡ-19 ਵੈਕਸੀਨ ਸਬੰਧੀ ਨਿਯਮਾਂ ਦੇ ਖਿਲਾਫ ਬੋਲਣ ਵਾਲੇ ਕੈਨੇਡੀਅਨ ਸੈਨਿਕ ਨੂੰ ਚਾਰਜ ਕੀਤੇ ਜਾਣ ਤੋਂ ਬਾਅਦ ਡਾਊਨਟਾਊਨ ਓਟਵਾ ਵਿੱਚ ਪੁਲਿਸ ਵੱਲੋਂ ਚਾਰ ਹੋਰ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਦੌਰਾਨ ਸਿਟੀ ਵਿੱਚ ਇਨ੍ਹਾਂ ਨਿਯਮਾਂ ਖਿਲਾਫ ਮਾਰਚ ਵੀ ਕੱਢਿਆ ਗਿਆ।



ਓਟਵਾ ਪੁਲਿਸ ਨੇ ਵੀਰਵਾਰ ਨੂੰ ਆਖਿਆ ਕਿ ਵੈਲਿੰਗਟਨ ਤੇ ਐਲਗਿਨ ਏਰੀਆ ਵਿੱਚ ਪੁਲਿਸ ਨੂੰ ਅਸੁਖਾਵੇਂ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਹ ਵੀ ਆਖਿਆ ਗਿਆ ਕਿ ਸੇਫ ਢੰਗ ਨਾਲ ਪੁਲਿਸ ਵੱਲੋਂ ਆਪਣੀਆਂ ਡਿਊਟੀਜ਼ ਨਿਭਾਏ ਜਾਣ ਲਈ ਥੋੜ੍ਹੀ ਸਪੇਸ ਦਿੱਤੀ ਜਾਵੇ। ਜਾਂਚਕਾਰਾਂ ਨੇ ਦੱਸਿਆ ਕਿ ਚਾਰ ਵਿਅਕਤੀਆਂ ਨੂੰ ਪੁਲਿਸ ਉੱਤੇ ਹਮਲਾ ਕਰਨ ਵਰਗੀਆਂ ਘਟਨਾਵਾਂ ਕਾਰਨ ਗ੍ਰਿਫਤਾਰ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਜੇਮਜ਼ ਟੌਪ ਨੂੰ ਫਰਵਰੀ ਵਿੱਚ ਯੂਨੀਫਰਮ ਪਾ ਕੇ ਵੈਕਸੀਨੇਸ਼ਨ ਖਿਲਾਫ ਟਿੱਪਣੀਆਂ ਕਰਨ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਸੀ ਤੇ ਉਸ ਸਮੇਂ ਤੋਂ ਹੀ ਉਸ ਵੱਲੋਂ ਰਾਜਧਾਨੀ ਤੋਂ ਵੈਨਕੂਵਰ ਤੱਕ ਚਾਰ ਮਹੀਨਿਆਂ ਲਈ ਮਾਰਚ ਕੱਢਿਆ ਜਾ ਰਿਹਾ ਹੈ। ਟੌਪ ਦੇ ਇਸ ਮਾਰਚ ਵਿੱਚ ਤਥਾ ਕਥਿਤ ਫਰੀਡਮ ਕੌਨਵੌਏ ਵਿੱਚ ਸ਼ਾਮਲ ਲੋਕ ਹੀ ਬਹੁਤਾ ਕਰਕੇ ਸ਼ਾਮਲ ਹਨ। ਸ਼ਾਮ ਸਮੇਂ ਜਦੋਂ ਟੌਪ ਨੈਸ਼ਨਲ ਵਾਰ ਮੈਮੋਰੀਅਲ ਪਹੁੰਚਿਆ ਤਾਂ 1200 ਲੋਕਾਂ ਦੀ ਭੀੜ ਵੱਲੋਂ ਫਰੀਡਮ ਵਰਗੇ ਨਾਅਰੇ ਲਾ ਕੇ ਉਸ ਦਾ ਸਵਾਗਤ ਕੀਤਾ ਗਿਆ। ਇੱਥੇ ਉਸ ਨੇ ਸੈਨਿਕਾਂ ਦੇ ਮਕਬਰੇ ਉੱਤੇ ਗੋਡੇ ਟੇਕ ਕੇ ਤੇ ਰੋ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਤੇ ਫਿਰ ਭਾਸ਼ਣ ਦਿੱਤਾ।

ਵੀਰਵਾਰ ਨੂੰ ਕੰਜ਼ਰਵੇਟਿਵ ਲੀਡਰਸ਼ਿਪ ਉਮੀਦਵਾਰ ਪਿਏਰ ਪੌਲੀਐਵਰ ਨੇ ਵੀ ਟੌਪ ਦੇ ਇਸ ਮਾਰਚ ਵਿੱਚ ਸ਼ਮੂਲੀਅਤ ਕੀਤੀ। ਲੱਗਭਗ ਅੱਧੇ ਘੰਟੇ ਤੱਕ ਉਹ ਟੌਪ ਦੇ ਨਾਲ ਤੁਰਦੇ ਰਹੇ।ਡਾਊਨਟਾਊਨ ਓਟਵਾ ਦੇ ਪਾਰਕਿੰਗ ਲੌਟ ਵਿੱਚ ਦੋਵਾਂ ਆਗੂਆਂ ਦੇ ਮੁਲਾਕਾਤ ਸਮੇਂ ਦੀ ਜਾਰੀ ਕੀਤੀ ਗਈ ਵੀਡੀਓ ਵਿੱਚ ਪੌਲੀਐਵਰ ਵੈਕਸੀਨ ਸਬੰਧੀ ਨਿਯਮਾਂ ਖਿਲਾਫ ਆਪਣਾ ਵਿਰੋਧ ਜਤਾਉਂਦੇ ਨਜ਼ਰ ਆ ਰਹੇ ਹਨ।

## ਸਕਾਰਬਰੋ ਵਿੱਚ ਕਈ ਗੱਡੀਆਂ ਟਕਰਾਉਣ ਕਾਰਨ 1 ਹਲਾਕ, 3 ਜ਼ਖ਼ਮੀ

ਸਕਾਰਬਰੋ, 7 ਜੁਲਾਈ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਸਕਾਰਬਰੋ ਵਿੱਚ ਕਈ ਗੱਡੀਆਂ ਦੀ ਆਪਸ ਵਿੱਚ ਹੋਈ ਟੱਕਰ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਤਿੰਨ ਹੋਰ ਜ਼ਖ਼ਮੀ ਹੋ ਗਏ।




ਕਈ ਗੱਡੀਆਂ ਦੇ ਟਕਰਾਅ ਜਾਣ ਦੀ ਖਬਰ ਮਿਲਣ ਤੋਂ ਬਾਅਦ ਐਮਰਜੰਸੀ ਅਮਲਾ ਰਾਤੀਂ 10:45 ਉੱਤੇ ਵਾਰਡਨ ਤੇ ਸੇਂਟ ਕਲੇਅਰ ਐਵਨਿਊਜ਼ ਦੇ ਲਾਂਘੇ ਉੱਤੇ ਪਹੁੰਚਿਆ। ਪੁਲਿਸ ਨੇ ਦੱਸਿਆ ਕਿ ਇੱਕ ਗੱਡੀ ਸਾਹਮਣੇ ਵਾਲੀ ਗੱਡੀ ਨਾਲ ਪਿੱਛੋਂ ਜਾ ਟਕਰਾਈ ਤੇ ਫਿਰ ਤੀਜੀ ਕਾਰ ਉਸ ਦੇ ਪਿੱਛੇ ਜਾ ਟਕਰਾਈ। ਜਿੰਨੀਆ ਗੱਡੀਆਂ ਇਸ ਹਾਦਸੇ ਵਿੱਚ ਟਕਰਾਈਆਂ ਸਾਰੀਆਂ ਦੇ ਡਰਾਈਵਰ ਵੀ ਮੌਕੇ ਉੱਤੇ ਹੀ ਮੌਜੂਦ ਰਹੇ।

ਸੱਭ ਤੋਂ ਪਹਿਲੀ ਗੱਡੀ ਚਲਾ ਰਹੇ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਤਿੰਨ ਹੋਰਨਾਂ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ ਤੇ ਦੋ ਹੋਰਨਾਂ ਦੀ ਹਾਲਤ ਗੰਭੀਰ ਪਰ ਸਥਿਰ ਦੱਸੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਦਾ ਕਾਰਨ ਸ਼ਰਾਬ ਨਹੀਂ ਸੀ।

ਵਾਰਡਨ ਐਵਨਿਊ ਦੀਆਂ ਦੱਖਣ ਵਾਲੀਆਂ ਲੇਨਜ਼ ਨੂੰ ਸੇਂਟ ਕਲੇਅਰਜ਼ ਕੋਲ ਜਾਂਚ ਲਈ ਬੰਦ ਕਰ ਦਿੱਤਾ ਗਿਆ ਪਰ ਬਾਅਦ ਵਿੱਚ ਸਾਰੀਆਂ ਲੇਨਜ਼ ਨੂੰ ਖੋਲ੍ਹ ਦਿੱਤਾ ਗਿਆ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

## ਅੱਜ ਨਾਮਾ

ਫੜਿਆ ਪੁਲਸ ਦਾ ਕੱਲ੍ਹ ਹੈ ਇੱਕ ਅਫਸਰ,
ਮੋਟੀ ਮਾਇਆ ਉਹ ਰਿਹਾ ਸੀ ਚੁੱਕ ਮੀਆਂ।
ਕਰਿਆ ਸੌਦਾ ਕੁਝ ਤਸਕਰ ਛੁਡਾਵਣੇ ਦਾ,
ਸੌਦਾ ਲੱਖਾਂ ਵਿੱਚ ਲਿਆ ਉਸ ਟੁੱਕ ਮੀਆਂ।
ਖੁੱਲ੍ਹਿਆ ਭੇਦ ਤੇ ਆਪ ਵੀ ਗਿਆ ਫੜਿਆ,
ਯਾਰ ਮਿੱਤਰ ਨਹੀਂ ਕੋਲ ਰਹੇ ਢੁੱਕ ਮੀਆਂ।
ਫੜਿਆ ਪੁਲਸ ਨੇ ਆਪਣਾ ਆਪ ਅਫਸਰ,
ਗਈ ਸਭ ਝਾਕ ਭਵਿੱਖ ਲਈ ਮੁੱਕ ਮੀਆਂ।
ਚੋਖੀ ਮਿਲਦੀ ਤਨਖਾਹ ਜਦ ਅਫਸਰੀ ਦੀ,
ਤਦ ਵੀ ਮਿਟੇ ਨਹੀਂ ਨੀਤ ਦੀ ਭੁੱਖ ਮੀਆਂ।
ਸੁਫਨਾ ਸੁੱਖਾਂ ਦਾ ਲੈਂਦਾ ਸੀ ਰਿਹਾ ਤਕੜਾ,
ਪੈ ਗਏ ਝੋਲੀ ਵਿੱਚ ਭੁਗਤਣੇ ਦੁੱਖ ਮੀਆਂ।

**ਤੀਸ ਮਾਰ ਖਾਂ**

# ਹਰਿਆਣੇ ਦੀ ਡਾਕਟਰ ਗੁਰਪ੍ਰੀਤ ਨਾਲ ਵਿਆਹ ਦੇ ਬੰਧਨ ਵਿੱਚ ਬੱਝੇ ਭਗਵੰਤ ਮਾਨ

ਚੰਡੀਗੜ੍ਹ, 7 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਵੀਰਵਾਰ ਨੂੰ ਆਪਣੀ ਰਿਹਾਇਸ਼ਵਿਖੇ ਨਿੱਜੀ ਸਮਾਗਮ ਦੌਰਾਨ ਹਰਿਆਣਾ ਦੇ ਪਰਵਾਰ ਦੀ ਧੀ ਡਾਕਟਰ ਗੁਰਪ੍ਰੀਤ ਕੌਰ ਨਾਲ ਵਿਆਹ ਦੇ ਬੰਧਨ ਵਿੱਚ ਬੱਝ ਗਏ। ਪਰਿਵਾਰਕ ਮੈਂਬਰਾਂ ਅਤੇ ਕੁਝ ਨਜ਼ਦੀਕੀਆਂ ਦੀ ਮੌਜੂਦਗੀ ਵਿੱਚ ਹੋਏ ਇਸ ਵਿਆਹ ਵਿੱਚ ਬੈਂਡ, ਵਾਜਾ ਤੇ ਬਾਰਾਤ ਨਹੀਂ ਸਨ। ਟੈਲੀਵੀਜ਼ਨ ਅਤੇ ਟਵਿੱਟਰ ਉੱਤੇ ਸਾਹਮਣੇ ਆਈਆਂ ਤਸਵੀਰਾਂ ਵਿੱਚ ਭਗਵੰਤ ਮਾਨ ਅਤੇ ਉਨ੍ਹਾਂ ਦੀ ਲਾੜੀ ਨੂੰ ਆਨੰਦ ਕਾਰਜ ਦੀ ਰਸਮ ਪੂਰੀ ਕਰਦੇ ਹੋਏ ਦੇਖਿਆ ਗਿਆ, ਜਿੱਥੇ ਬਹੁਤ ਥੋੜ੍ਹੇ ਮਹਿਮਾਨ ਸਨ।



ਭਗਵੰਤ ਮਾਨ (48) ਪੰਜਾਬ ਦੇ ਪਹਿਲੇ ਮੁੱਖ ਮੰਤਰੀ ਹਨ, ਜਿਨ੍ਹਾਂ ਨੇ ਇਸ ਅਹੁਦੇ ਉੱਤੇ ਹੁੰਦਿਆਂ ਵਿਆਹ ਕੀਤਾ ਹੈ।ਉਨ੍ਹਾ ਦੀ ਪਤਨੀ ਡਾਕਟਰ ਗੁਰਪ੍ਰੀਤ ਕੌਰ ਜ਼ਿਲਾ ਕੁਰੂਕਸ਼ੇਤਰ,ਹਰਿਆਣਾ ਦੇ ਪਿਹੋਵਾ ਦੀ ਹੈ।ਉਸ ਨੇ 2018 ਵਿੱਚ ਹਰਿਆਣਾ ਦੀ ਇੱਕ ਪ੍ਰਾਈਵੇਟ ਯੂਨੀਵਰਸਿਟੀ ਤੋਂ ਆਪਣੀ ਐੱਮਬੀਬੀਐੱਸ ਦੀ ਪੜ੍ਹਾਈ ਪੂਰੀ ਕੀਤੀ ਸੀ। ਉਸ ਦੀਆਂ 2 ਵੱਡੀਆਂ ਭੈਣਾਂ ਵਿਦੇਸ ਵਿੱਚ ਹਨ। ਭਗਵੰਤ ਮਾਨ ਦਾ ਇਹ ਦੂਸਰਾ ਵਿਆਹ ਹੈ। ਉਹ ਪਹਿਲੀ ਪਤਨੀ ਤੋਂ 2015 ਵਿੱਚਕਾਨੂੰਨੀ ਤਲਾਕ ਨਾਲਵੱਖ ਹੋਏ ਸਨ, ਜਿਸ ਤੋਂਉਨ੍ਹਾਂ ਦੇ 2 ਬੱਚੇ ਸੀਰਤ ਕੌਰ (21) ਅਤੇ ਦਿਲਸ਼ਾਨ ਮਾਨ (17) ਹਨ। ਭਗਵੰਤ ਮਾਨ ਦੀ ਨਵੀਂ ਲਾੜੀ ਬਣੀ ਗੁਰਪ੍ਰੀਤ ਕੌਰ ਦਾ ਪਰਿਵਾਰ ਖ਼ੁਦ ਵੀ ਸਿਆਸੀ ਰਸੂਖ਼ ਵਾਲਾ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅੱਜਭਗਵੰਤ ਮਾਨ ਦੇ ਵਿਆਹ ਵਿੱਚਉਚੇਚੇ ਪਹੁੰਚੇ ਤੇ ਪਿਤਾ ਦੇ ਤੌਰ ਉੱਤੇ ਸਾਰੀਆਂ ਰਸਮਾਂ ਉਨ੍ਹਾਂ ਨੇ ਨਿਭਾਈਆਂ। ਭਗਵੰਤ ਮਾਨ ਤੇ ਗੁਰਪ੍ਰੀਤ ਦੇ ਵਿਆਹ ਦੇ ਬੰਧਨਵਿੱਚ ਬੱਝਣ ਮਗਰੋਂ ਕੇਜਰੀਵਾਲ ਨੇ ਉਨ੍ਹਾਂ ਨੂੰ ਵਧਾਈ ਦੇਂਦਿਆਂ ਟਵੀਟ ਕੀਤਾ, 'ਭਗਵੰਤ ਮਾਨ ਤੇ ਗੁਰਪ੍ਰੀਤ ਨੂੰ ਵਿਆਹ ਦੀਆਂ ਢੇਰ ਸਾਰੀਆਂ ਸ਼ੁੱਭ ਕਾਮਨਾਵਾਂ। ਤੁਹਾਨੂੰ ਦੋਵਾਂ ਨੂੰ ਭਗਵਾਨ ਖ਼ੂਬ ਖੁਸ਼ ਰੱਖੇ ਅਤੇ ਦੁਨੀਆ ਦੀਆਂ ਸਾਰੀਆਂ ਖੁਸ਼ੀਆਂ ਦੇਵੇ।'

# ਸਲਮਾਨ ਖਾਨ ਦੇ ਵਕੀਲ ਨੂੰ ਸਿੱਧੂ ਮੂਸੇਵਾਲਾ ਵਰਗੇ ਹਸ਼ਰ ਦੀ ਧਮਕੀ

ਜੋਧਪੁਰ, 7 ਜੁਲਾਈ (ਪੋਸਟ ਬਿਊਰੋ)- ਫਿਲਮ ਅਦਾਕਾਰ ਸਲਮਾਨ ਖਾਨ ਦਾ ਕੇਸ ਲੜ ਰਹੇ ਜੋਧਪੁਰ ਦੇ ਵਕੀਲ ਹਸਤੀ ਮੱਲ ਸਾਰਸਵਤ ਨੂੰ ਧਮਕੀ ਮਿਲੀ ਹੈ, ਜਿਸ ਵਿੱਚ ਲਿਖਿਆ ਗਿਆ ਹੈ ਕਿ ਅਸੀਂ ਛੱਡਾਂਗੇ ਨਹੀਂ, ਪੂਰੇ ਪਰਵਾਰ ਦਾ ਸਿੱਧੂ ਮੂਸੇਵਾਲਾ ਵਰਗਾ ਹਾਲ ਕਰਾਂਗੇ। ਪੁਲਸਨੂੰ ਸ਼ਿਕਾਇਤ ਕਰਨ ਪਿੱਛੋਂ ਹਸਤੀ ਮੱਲ ਸਾਰਸਵਤ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਵਰਨਣ ਯੋਗ ਹੈ ਕਿ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ ਦੀ ਪਿਛਲੇ ਦਿਨੀਂ ਹੱਤਿਆ ਕਰ ਦਿੱਤੀ ਗਈ ਸੀ, ਜਿਸ ਵਿੱਚ ਲਾਰੈਂਸ ਬਿਸ਼ਨੋਈ ਗਿਰੋਹ ਦਾ ਹੱਥ ਮੰਨਿਆ ਜਾ ਰਿਹਾ ਹੈ।

ਜੋਧਪੁਰ ਦੇ ਓਲਡ ਹਾਈ ਕੋਰਟ ਦੇ ਜੁਬਲੀ ਚੈਂਬਰ ਵਿੱਚਹਸਤੀ ਮੱਲ ਦੇਦਫਤਰ ਦੀ ਕੁੰਡੀ ਵਿੱਚ ਧਮਕੀ ਭਰੀ ਚਿੱਠੀ ਮਿਲੀ ਹੈ। ਇਸ ਪਿੱਛੋਂ ਉਨ੍ਹਾਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਏ ਡੀ ਸੀ ਪੀ ਨਾਜ਼ਿਮ ਅਲੀ ਨੇ ਦੱਸਿਆ ਕਿ ਚਿੱਠੀ ਵਿੱਚ ਲਿਖਿਆ ਹੈ: 'ਦੁਸ਼ਮਣ ਦਾ ਦੋਸਤ ਸਾਡਾ ਦੁਸ਼ਮਣ। ਹਸਤੀ ਮੱਲ ਅਸੀਂ ਤੈਨੂੰ ਛੱਡਾਂਗੇ ਨਹੀਂ। ਪੂਰੇ ਪਰਵਾਰ ਸਮੇਤ ਸਿੱਧੂ ਮੂਸੇਵਾਲਾ ਵਾਲਾ ਹਾਲ ਕਰਾਂਗੇ। ਬਹੁਤ ਛੇਤੀ।' ਧਮਕੀ ਦੇਣ ਵਾਲੇ ਨੇ ਚਿੱਠੀ ਦੇ ਅਖੀਰ ਵਿੱਚ ਐਲ ਬੀ ਅਤੇ ਜੀ ਬੀ ਲਿਖਿਆ ਹੈ। ਐਲ ਬੀ ਤੋਂ ਲਾਰੈਂਸ ਬਿਸ਼ਨੋਈ ਅਤੇ ਜੀ ਬੀ ਤੋਂ ਗੋਲਡੀ ਬਰਾੜ ਬਣ ਸਕਦਾ ਹੈ, ਜਿਨ੍ਹਾਂ ਨੇ ਸਿੱਧੂ ਮੂਸੇਵਾਲਾ ਦੀ ਹੱਤਿਆ ਦੀ ਸਾਜ਼ਿਸ਼ ਰਚੀ ਸੀ। ਸਾਰਸਵਤ ਦਾ ਕਹਿਣਾ ਹੈ ਕਿ ਸਲਮਾਨ ਖਾਨ ਉਨ੍ਹਾਂ ਦਾ ਦੋਸਤ ਨਹੀਂ, ਉਹ ਤਾਂ ਉਸ ਦੇ ਵਕੀਲ ਹਨ ਤੇ ਪੈਰਵੀ ਕਰਨਾ ਉਨ੍ਹਾਂ ਦਾ ਪੇਸ਼ਾ ਹੈ।

ਜੋਧਪੁਰ ਵਿੱਚ ਪੇਸ਼ੀ ਉੱਤੇ ਆਏ ਲਾਰੈਂਸ ਬਿਸ਼ਨੋਈ ਨੇ ਪੁਲਸ ਜੀਪ ਵਿੱਚ ਬੈਠ ਕੇ ਮੀਡੀਆ ਸਾਹਮਣੇ ਸਲਮਾਨ ਖਾਨ ਨੂੰ ਮਾਰਨ ਦੀ ਧਮਕੀ ਦਿੱਤੀ ਸੀ। ਕਾਲੇ ਹਿਰਨ ਦੇ ਸ਼ਿਕਾਰ ਮਾਮਲੇ ਵਿੱਚ ਸਲਮਾਨ ਬਾਰੇ ਇਹ ਧਮਕੀ ਦਿੱਤੀ ਗਈ ਸੀ ਜਿਸ ਤੋਂ ਬਾਅਦ ਅਜਿਹੀ ਇੱਕ ਚਿੱਠੀ ਮੁੰਬਈ ਵਿੱਚ ਸਲਮਾਨ ਦੇ ਪਿਤਾ ਨੂੰ ਮਿਲੀ ਸੀ। ਸਾਰਸਵਤ ਵੀ ਕਾਲੇ ਹਿਰਨ ਦੇ ਸ਼ਿਕਾਰ ਮਾਮਲੇ ਵਿੱਚ ਹੀ ਸਲਮਾਨ ਦੀ ਪੈਰਵੀ ਕਰ ਰਹੇ ਹਨ।

# ਬੇਅਦਬੀ ਦੇ ਕੇਸਵਿੱਚ ਅਦਾਲਤ ਵੱਲੋਂ ਤਿੰਨ ਡੇਰਾ ਪ੍ਰੇਮੀਆਂ ਨੂੰ 3-3 ਸਾਲ ਕੈਦ ਦੀ ਸਜ਼ਾ

ਮੋਗਾ, 7 ਜੁਲਾਈ, (ਪੋਸਟ ਬਿਊਰੋ)- ਏਥੇ ਇੱਕ ਅਦਾਲਤ ਨੇ ਡੇਰਾ ਸੱਚਾ ਸੌਦਾ ਦੇਤਿੰਨ ਪ੍ਰੇਮੀਆਂ ਨੂੰ 3-3 ਸਾਲ ਕੈਦ ਦੀ ਸਜ਼ਾ ਦਿੱਤੀ ਹੈ। ਅਕਾਲੀ-ਭਾਜਪਾ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੀ ਜਾਂਚ ਰਿਪੋਰਟ ਦੇ ਆਧਾਰ ਉੱਤੇ ਇਹ ਸਜ਼ਾ ਹੋਈ ਹੈ, ਪਰ ਇਹ ਬਰਗਾੜੀ ਕਾਂਡ ਨਾਲ ਸੰਬੰਧਤ ਮਾਮਲਾ ਨਹੀਂ।

ਸਾਲ 2015 ਦੇ ਨਵੰਬਰ ਵਿੱਚਪਿੰਡ ਮੱਲਕੇ ਜ਼ਿਲਾ ਮੋਗਾ ਦੇ ਪਿੰਡ ਦੀਆਂ ਗਲੀਆਂਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੋਥੀਆਂ (ਗੁਟਕਾ ਸਾਹਿਬ) ਦੇ ਅੰਗ ਖਿੱਲਰੇ ਮਿਲੇ ਸਨ। ਓਦੋਂ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਇਸ ਦੀ ਜਾਂਚ ਲਈ ਬਣਾਈ ਐੱਸਆਈਟੀ ਵੱਲੋਂ ਕੀਤੀ ਜਾਂਚਵਿੱਚ ਪੰਜ ਡੇਰਾ ਪ੍ਰੇਮੀਆਂ ਨੂੰ ਨਾਮਜ਼ਦ ਕੀਤਾ ਤੇ ਅੱਜ ਸੁਣਵਾਈ ਦੌਰਾਨ ਅਦਾਲਤ ਨੇ ਡੇਰਾ ਪ੍ਰੇਮੀ ਅਮਰਦੀਪ ਸਿੰਘ ਦੀਪਾ, ਪਿਰਥੀ ਸਿੰਘ ਅਤੇ ਮਿੱਠੂ ਸਿੰਘ ਮਾਨ ਨੂੰ ਤਿੰਨ-ਤਿੰਨ ਸਾਲ ਕੈਦਅਤੇ 5-5 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਇਸ ਮੌਕੇ ਦਵਿੰਦਰ ਸਿੰਘ ਤੇ ਸਤਨਾਮ ਸਿੰਘ ਨੂੰ ਬਰੀ ਕਰ ਦਿੱਤਾ ਹੈ।

ਪਤਾ ਲੱਗਾ ਹੈ ਕਿ ਮੋਗਾ ਜ਼ਿਲ੍ਹੇ ਦੇ ਪਿੰਡ ਮੱਲਕੇਵਿੱਚ 4 ਨਵੰਬਰ 2015 ਨੂੰ ਸ੍ਰੀ ਗੁਟਕਾ ਸਾਹਿਬ ਦੀ ਬੇਅਦਬੀ ਵੀ ਡੇਰਾ ਪ੍ਰੇਮੀਆਂ ਦੀ ਸਾਜ਼ਿਸ਼ ਸੀ, ਜਿਸ ਲਈ ਉਹ ਗੁਟਕਾ ਸਾਹਿਬ ਅੰਮ੍ਰਿਤਸਰੋਂ ਲਿਆਏ ਸਨ। ਜਿਹੜਾ ਭਾਈ ਚਤਰ ਸਿੰਘ ਜੀਵਨ ਸਿੰਘ ਪ੍ਰੈੱਸ ਨੇ ਛਾਪਿਆ ਸੀ, ਜਿਹੜੇ ਅੱਜਕੱਲ੍ਹ ਗੁਰਬਾਣੀ ਨਾਲ ਸੰਬੰਧਤ ਪਵਿੱਤਰ ਸਾਹਿਬ ਅਤੇ ਧਾਰਮਿਕ ਗ੍ਰੰਥ ਛਾਪਣੇ ਬੰਦ ਕਰ ਚੁੱਕੇ ਹਨ।ਇਸ ਪੁਰਾਣੇ ਕੇਸ ਵਿੱਚ ਜੱਜ ਰਾਹੁਲ ਗਰਗ ਦੇ ਫ਼ੈਸਲੇਮੁਤਾਬਕ ਦੋਸ਼ੀ ਪਾਏ ਲੋਕਾਂ ਨੇ ਪੁਲਿਸ ਜਾਂਚ ਵਿੱਚ ਆਪਣਾ ਗੁਨਾਹ ਮੰਨ ਲਿਆ ਤੇ ਸਜ਼ਾ ਤੋਂ ਬਚਣ ਲਈ ਇਸ ਕੇਸ ਦੇ ਇੱਕਲੌਤੇ ਗਵਾਹ ਸਾਬਕਾ ਫ਼ੌਜੀ ਸੇਵਕ ਸਿੰਘ ਨੂੰ ਗਵਾਹੀ ਤੋਂ ਮੁੱਕਰਨ ਲਈ ਪੈਸਿਆਂ ਦੇ ਲਾਲਚ ਵਜੋਂ ਦੋ ਲੱਖ ਰੁਪਏ ਦਾ ਚੈੱਕ ਇਹ ਕਹਿ ਕੇ ਦੋਸ਼ੀ ਮਿੱਠੂ ਸਿੰਘ ਦੇ ਪਰਿਵਾਰ ਦੇ ਇਕ ਮੈਂਬਰ ਨੇ ਦਿੱਤਾ ਕਿ ਉਹ ਗਵਾਹੀ ਤੋਂ ਹਟ ਜਾਵੇ। ਸੇਵਕ ਸਿੰਘ ਨੇ ਚੈੱਕ ਜਨਤਕ ਕਰਦੇ ਹੋਏ ਸੁਣਵਾਈ ਦੌਰਾਨ ਅਦਾਲਤ ਨੂੰ ਸੌਂਪ ਦਿੱਤਾ ਸੀ, ਜਿਸ ਬਾਰੇ ਵੱਖਰਾ ਕੇਸ ਦਰਜ ਕੀਤਾ ਗਿਆ ਸੀ।



ਬੇਅਦਬੀ ਕੇਸ ਡੇਰਾ ਪ੍ਰੇਮੀਆਂ ਨਾਲ ਜੁੜਿਆ ਹੋਣ ਕਾਰਨ ਪੁਲਿਸ ਨੇ ਅਦਾਲਤੀ ਕੰਪਲੈਕਸ ਨੂੰ ਸਵੇਰੇ ਅੱਠ ਵਜੇ ਤੋਂ ਪੁਲਿਸ ਛਾਉਣੀਵਿੱਚ ਬਦਲ ਦਿੱਤਾ ਸੀ। ਖੁਦ ਐੱਸਐੱਸਪੀ ਗੁਲਨੀਤ ਸਿੰਘ ਖੁਰਾਣਾ ਨੇ ਸਵੇਰੇ ਨੌਂ ਵਜੇ ਅਦਾਲਤੀ ਕੰਪਲੈਕਸਵਿੱਚ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਕੰਪਲੈਕਸ ਦੇ ਦੋਵੇਂ ਗੇਟ ਬੰਦ ਕਰਵਾਦਿੱਤੇ ਸਨ।ਲਗਪਗ ਪੰਜ ਘੰਟੇ ਚੱਲੀ ਸੁਣਵਾਈ ਦੌਰਾਨ ਜੋਗਿੰਦਰ ਸਿੰਘ ਚੌਕ ਤੋਂ ਜ਼ਿਲ੍ਹਾ ਅਦਾਲਤੀ ਕੰਪਲੈਕਸ ਤਕ ਦਾ ਇਲਾਕਾ ਸੀਲ ਕੀਤਾ ਰਿਹਾ ਸੀ ਤੇ ਚਾਰ ਐੱਸ ਪੀਰੈਂਕ ਦੇ ਅਫਸਰ ਸੁਰੱਖਿਆ ਉੱਤੇ ਨਜ਼ਰ ਰੱਖਣ ਲਈ ਓਥੇਹੋਣ ਤੋਂ ਇਲਾਵਾ ਤਿੰਨ ਬੁਲੇਟ ਪਰੂਫ ਗੱਡੀਆਂ ਕੋਰਟਵਿੱਚ ਮੌਜੂਦ ਸਨ।ਇਹ ਸਾਰਾ ਪ੍ਰਬੰਧ ਦੋਸ਼ੀਆਂ ਨੂੰ ਸਜ਼ਾ ਸੁਣਾਉਣ ਤੇ ਇਸ ਦੇ ਬਾਅਦ ਜ਼ਮਾਨਤ ਹੋਣ ਤੱਕ ਜਾਰੀ ਰਿਹਾ।ਇਸਕੇਸਵਿੱਚ ਕੁੱਲ ਅੱਠ ਲੋਕਾਂ ਉੱਤੇ ਕੇਸ ਚੱਲਦਾ ਸੀ, ਜਿਨ੍ਹਾਂ ਵਿਚੋਂ ਤਿੰਨ ਦੇ ਦੋਸ਼ ਸਿੱਧ ਹੋਣ ਉੱਤੇ ਸਜ਼ਾ ਮਿਲ ਗਈ, ਦੋ ਨੂੰ ਬਰੀ ਕਰ ਦਿੱਤਾ ਅਤੇ ਤਿੰਨ ਹੋਰ ਅਜੇ ਤੱਕ ਫਰਾਰ ਹਨ।

# ਈ ਡੀ ਵੱਲੋਂ ਦਾਅਵਾ, ਚੀਨੀ ਕੰਪਨੀ ਵੀਵੋ ਨੇ ਟੈਕਸ ਤੋਂ ਬਚਣ ਲਈ 62,476 ਕਰੋੜ ਰੁਪਏ ਵਿਦੇਸ਼ ਭੇਜੇ

* ਵੀਵੋ ਦੇ 119 ਖਾਤਿਆਂ ਤੋਂ 465 ਕਰੋੜ ਰੁਪਏ ਜ਼ਬਤ

ਨਵੀਂ ਦਿੱਲੀ, 7 ਜੁਲਾਈ, (ਪੋਸਟ ਬਿਊਰੋ)- ਕੇਂਦਰੀ ਜਾਂਚ ਏਜੰਸੀ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਕਿਹਾ ਹੈ ਕਿ ਚੀਨੀ ਸਮਾਰਟਫੋਨ ਕੰਪਨੀ ਵੀਵੋ ਦੀ ਭਾਰਤੀ ਯੂਨਿਟ ਨੇ ਏਥੇ ਟੈਕਸ ਦੇਣਦਾਰੀ ਤੋਂ ਬਚਣ ਲਈ ਕੁੱਲ ਕਾਰੋਬਾਰ ਦਾ ਲਗਭਗ 50 ਫੀਸਦੀ ਯਾਨੀ 62,476 ਕਰੋੜ ਰੁਪਏ ਵਿਦੇਸ਼ ਭੇਜ ਦਿੱਤੇ ਹਨ।




ਇਸ ਮਾਮਲੇ ਵਿੱਚ ਈਡੀ ਨੇ ਕਿਹਾ ਕਿ ਵੀਵੋ ਇੰਡੀਆ ਨੇ ਭਾਰਤ ਵਿੱਚ ਟੈਕਸ ਭਰਨ ਤੋਂ ਬਚਣ ਲਈ ਆਪਣੀ ਆਮਦਨ ਦਾ ਵੱਡਾ ਹਿੱਸਾ ਚੀਨ ਅਤੇ ਕੁਝ ਹੋਰ ਦੇਸ਼ਾਂ ਨੂੰ ਭੇਜਿਆ ਸੀ ਅਤੇਇਹ ਰਕਮ 62,476 ਕਰੋੜ ਰੁਪਏ ਬਣਦੀ ਹੈ, ਜੋ ਇਸ ਦੇ ਕਾਰੋਬਾਰ ਦਾ ਲਗਭਗ ਅੱਧਾ ਹੈ। ਈਡੀ ਵੱਲੋਂ ਵੀਵੋ ਮੋਬਾਈਲ ਇੰਡੀਆ ਪ੍ਰਾਈਵੇਟ ਲਿਮਟਿਡ ਤੇ ਇਸ ਨਾਲ ਜੁੜੀਆਂ 23 ਕੰਪਨੀਆਂ ਖਿਲਾਫ ਬੀਤੇ ਬੁੱਧਵਾਰ ਚਲਾਈ ਤਲਾਸ਼ੀ ਮੁਹਿਮ ਪਿੱਛੋਂ 119 ਬੈਂਕ ਖਾਤਿਆਂ ਵਿੱਚ ਜਮ੍ਹਾਂ ਇਸ ਕੰਪਨੀ ਦੀ 465 ਕਰੋੜ ਰੁਪਏ ਦੀ ਰਕਮ ਅਟੈਚ ਕੀਤੀ ਗਈ ਅਤੇ 73 ਲੱਖ ਰੁਪਏ ਦੀ ਨਕਦੀ ਤੇ ਦੋ ਕਿੱਲੋ ਸੋਨੇ ਦੀਆਂ ਛੜਾਂ ਵੀ ਜ਼ਬਤ ਕੀਤੀਆਂ ਗਈਆਂ ਹਨ।ਈਡੀ ਨੇ ਕਿਹਾ ਕਿ ਵੀਵੋ ਕੰਪਨੀ ਦੇ ਸਾਬਕਾ ਡਾਇਰੈਕਟਰ ਬਿਨ ਲਾਓ ਭਾਰਤ ਵਿੱਚ ਕਈ ਕੰਪਨੀਆਂ ਬਣਾਉਣ ਪਿੱਛੋਂ ਸਾਲ 2018 ਵਿੱਚ-ਚਲੇਗਏ ਸਨ। ਇਨ੍ਹਾਂ ਕੰਪਨੀਆਂ ਉੱਤੇਅੱਖ ਟਿਕਾਈ ਬੈਠੀ ਜਾਂਚ ਏਜੰਸੀ ਨੇ ਦੋਸ਼ ਲਾਇਆ ਕਿ ਵੀਵੋ ਇੰਡੀਆ ਦੇ ਮੁਲਾਜ਼ਮਾਂ ਨੇ ਇਸ ਦੀ ਖੋਜ ਮੁਹਿਮ ਵਿੱਚ ਸਹਿਯੋਗ ਨਹੀਂ ਦਿੱਤਾ ਅਤੇ ਭੱਜਣ ਅਤੇ ਡਿਜ਼ੀਟਲ ਡਿਵਾਈਸਾਂ ਨੂੰ ਛੁਪਾਉਣ ਦੀ ਕੋਸ਼ਿਸ਼ ਵੀ ਕੀਤੀ ਸੀ।

# ਫਿਲਮ ਐਕਟਰ ਰਾਜ ਬੱਬਰ ਨੂੰ 36 ਸਾਲ ਪੁਰਾਣੇ ਕੇਸ ਵਿੱਚ 2 ਸਾਲ ਕੈਦ ਦੀ ਸਜ਼ਾ

ਲਖਨਊ, 7 ਜੁਲਾਈ, (ਪੋਸਟ ਬਿਊਰੋ)- ਲਖਨਊ ਦੀ ਪਾਰਲੀਮੈਂਟ ਮੈਂਬਰ/ਵਿਧਾਇਕ (ਐੱਮ ਪੀ/ ਐੱਮ ਐੱਲ ਏ) ਦੇ ਮਾਮਲਿਆਂ ਵਾਲੀ ਵਿਸ਼ੇਸ਼ ਅਦਾਲਤ ਨੇ ਅੱਜ ਵੀਰਵਾਰ ਨੂੰ ਛੱਬੀ ਸਾਲ ਪੁਰਾਣੇ ਕੇਸ ਵਿੱਚ ਓਦੋਂ ਦੇ ਸਮਾਜਵਾਦੀ ਪਾਰਟੀ ਦੇ ਉਮੀਦਵਾਰ ਰਾਜ ਬੱਬਰ ਨੂੰ ਪੋਲਿੰਗ ਬੂਥਵਿੱਚਵੜ ਕੇ ਵੋਟਿੰਗ ਨੂੰ ਪ੍ਰਭਾਵਿਤ ਕਰਨ ਅਤੇ ਪੋਲਿੰਗ ਏਜੰਟ ਨਾਲ ਦੁਰ-ਵਿਹਾਰ ਕਰਨ ਦੇ ਦੋਸ਼ਵਿੱਚ ਦੋ ਸਾਲ ਕੈਦ ਦੀ ਸਜ਼ਾ ਸੁਣਾਈ ਤੇ 8500 ਰੁਪਏ ਜੁਰਮਾਨਾ ਲਾਇਆ ਹੈ। ਰਾਜ ਬੱਬਰਅੱਜਕੱਲ੍ਹ ਕਾਂਗਰਸ ਦੇ ਆਗੂ ਹਨ। ਉਹ ਉੱਤਰ ਪ੍ਰਦੇਸ਼ ਦੀ ਕਾਂਗਰਸ ਪਾਰਟੀ ਦੇ ਪ੍ਰਧਾਨ ਰਹਿ ਚੁੱਕੇ ਹਨ ਤੇ ਉਨ੍ਹਾਂ ਕਿਹਾ ਹੈ ਕਿ ਉਹ ਇਸ ਅਦਾਲਤੀ ਫੈਸਲੇ ਵਿਰੁੱਧ ਹਾਈ ਕੋਰਟਵਿੱਚ ਅਪੀਲ ਕਰਨਗੇ।

ਮਿਲੀ ਜਾਣਕਾਰੀ ਅਨੁਸਾਰ ਜਿਸ ਕੇਸ ਵਿੱਚ ਰਾਜ ਬੱਬਰ ਨੂੰ ਐੱਮ ਪੀ/ਐੱਮਐੱਲਏ ਵਾਲੀ ਵਿਸ਼ੇਸ਼ ਅਦਾਲਤ ਨੇ ਦੋ ਸਾਲ ਸਜ਼ਾ ਸੁਣਾਈ ਹੈ, ਉਸ ਮੁਤਾਬਕ 2 ਮਈ 1996 ਨੂੰ ਪੋਲਿੰਗ ਅਫਸਰ ਕ੍ਰਿਸ਼ਨ ਸਿੰਘ ਰਾਣਾ ਨੇਸਮਾਜਵਾਦੀ ਪਾਰਟੀ ਦੇ ਉਮੀਦਵਾਰ ਰਾਜ ਬੱਬਰਅਤੇ ਅਰਵਿੰਦ ਯਾਦਵ ਸਣੇ ਕਈ ਲੋਕਾਂ ਵਿਰੁੱਧ ਵਜ਼ੀਰਗੰਜ ਥਾਣੇ ਨੂੰ ਸ਼ਿਕਾਇਤ ਕੀਤੀ ਸੀ ਕਿ ਰਾਜ ਬੱਬਰ ਨੇ ਸਮਰਥਕਾਂ ਨਾਲ ਪੋਲਿੰਗ ਬੂਥਵਿੱਚਵੜ ਕੇ ਵੋਟਿੰਗ ਪ੍ਰਕਿਰਿਆ ਨੂੰ ਪ੍ਰਭਾਵਤ ਕੀਤਾ, ਸਗੋਂ ਚੱਲਦੇ ਦਫ਼ਤਰੀ ਕੰਮ ਵਿੱਚ ਵਿਘਨ ਪਾਇਆ ਤੇ ਡਿਊਟੀ ਉੱਤੇ ਮੌਜੂਦ ਲੋਕਾਂ ਨਾਲ ਦੁਰ-ਵਿਹਾਰ ਅਤੇ ਕੁੱਟਮਾਰ ਕੀਤੀ। ਇਸ ਦੌਰਾਨ ਕ੍ਰਿਸ਼ਨ ਸਿੰਘ ਰਾਣਾ ਤੋਂ ਇਲਾਵਾ ਪੋਲਿੰਗ ਏਜੰਟ ਸ਼ਿਵ ਸਿੰਘ ਜ਼ਖ਼ਮੀ ਹੋਏ ਸਨ।ਕੇਸ ਦੀ ਜਾਂਚ ਪਿੱਛੋਂ 23 ਮਾਰਚ 1996 ਨੂੰ ਰਾਜ ਬੱਬਰ ਅਤੇ ਅਰਵਿੰਦ ਯਾਦਵਵਿਰੁੱਧ ਅਦਾਲਤ ਨੂੰ ਚਾਰਜਸ਼ੀਟ ਦਾਇਰ ਕੀਤੀ ਗਈ ਸੀ। ਕਾਨੂੰਨ ਸੋਧ ਐਕਟ ਦੇ ਨਾਲ ਬਣਾਈ ਲਖਨਊ ਦੀ ਐੱਮਪੀ/ ਐੱਮਐੱਲਏ ਕੋਰਟ ਨੇ ਅੱਜ ਵੀਰਵਾਰ ਇਸ ਕੇਸਦਾ ਫੈਸਲਾ ਸੁਣਾਇਆ ਅਤੇ ਇਸ ਤੋਂ ਬਾਅਦ ਅਦਾਲਤ ਨੇ ਉਨ੍ਹਾਂ ਨੂੰ ਜ਼ਮਾਨਤ ਵੀ ਦੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਰਾਜ ਬੱਬਰ ਨੇ 80 ਦੇ ਦਹਾਕੇ ਦੇ ਅੰਤਵਿੱਚ ਫਿਲਮਾਂ ਨਾਲ ਰਾਜਨੀਤਕ ਸਫਰ ਸ਼ੁਰੂ ਕੀਤਾਤਾਂ 1989 ਵਿੱਚਪ੍ਰਧਾਨ ਮੰਤਰੀ ਵੀਪੀ ਸਿੰਘ ਦੀ ਅਗਵਾਈ ਵਿੱਚ ਜਨਤਾ ਦਲ ਵਿੱਚ ਸ਼ਾਮਲ ਹੋਏ ਤੇਫਿਰ ਸਮਾਜਵਾਦੀ ਪਾਰਟੀ ਵਿੱਚਸ਼ਾਮਲ ਹੋ ਗਏ ਸਨ। ਉਹ 2004 ਵਿੱਚ ਲੋਕ ਸਭਾ ਮੈਂਬਰ ਬਣੇ ਤੇ 2006 ਵਿੱਚ ਮੁਲਾਇਮ ਸਿੰਘ ਯਾਦਵ ਨਾਲ ਸੰਬੰਧ ਵਿਗੜਨ ਪਿੱਛੋਂ ਸਮਾਜਵਾਦੀ ਪਾਰਟੀ ਛੱਡਦਿੱਤੀ। ਸਾਲ 2008 ਵਿੱਚ ਰਾਜ ਬੱਬਰ ਕਾਂਗਰਸ ਵਿੱਚ ਸ਼ਾਮਲ ਹੋਏ ਅਤੇ 2009 ਵਿੱਚ ਫਿਰੋਜ਼ਾਬਾਦ ਤੋਂ ਉਨ੍ਹਾਂ ਨੇ ਅਖਿਲੇਸ਼ ਯਾਦਵ ਦੀ ਪਤਨੀ ਡਿੰਪਲ ਯਾਦਵ ਨੂੰ ਹਰਾਇਆ। ਰਾਜ ਬੱਬਰ ਨੇ 2019 ਦੀਆਂ ਲੋਕ ਸਭਾ ਚੋਣਾਂ ਪਿੱਛੋਂ ਕਾਂਗਰਸ ਦੇ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

# ਜ਼ਿਲਾ ਵਣ-ਪਾਲ ਇੱਕ ਕਲੋਨਾਈਜ਼ਰ ਤੋਂ ਮੋਟੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ

ਚੰਡੀਗੜ੍ਹ, 7 ਜੁਲਾਈ, (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਨੇ ਅੱਜ ਪੰਜਾਬ ਦੇ ਵਣਪਾਲ ਵਿਸ਼ਾਲ ਚੌਹਾਨ ਆਈਐਫਐੱਸ ਨੂੰ ਇੱਕ ਕੇਸ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਤੇ ਇੰਡੀਅਨ ਪੀਨਲ ਕੋਡ ਦੇ ਕੇਸਵਿੱਚ ਨਾਮਜ਼ਦ ਕਰਨ ਪਿੱਛੋਂ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਇਸ ਬਾਰੇ ਅਗਲੀ ਕਾਨੂੰਨੀਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਸ ਬਾਰੇ ਪੰਜਾਬ ਵਿਜੀਲੈਂਸ ਦੇ ਬੁਲਾਰੇ ਨੇ ਦੱਸਿਆ ਕਿ ਪਿਛੇ ਦਿਨੀਂ ਦਰਜ ਹੋਏ ਕੇਸ ਨੰਬਰ 6 ਮਿਤੀ 2 ਜੂਨ ਹੇਠ ਪਹਿਲਾਂ ਤੋਂ ਗ੍ਰਿਫ਼ਤਾਰ ਵਣ ਮੰਡਲ ਅਫਸਰ ਮੁਹਾਲੀ ਗੁਰਅਮਨਪ੍ਰੀਤ ਸਿੰਘ ਤੇ ਠੇਕੇਦਾਰ ਹਰਮਹਿੰਦਰ ਸਿੰਘ ਉਰਫ ਹੰਮੀ ਤੋਂ ਪੁੱਛਗਿੱਛ ਅਤੇ ਇਸ ਬਾਰੇਜਾਂਚ ਵਿੱਚ ਮਿਲੇ ਤੱਥਾਂ ਦੇ ਬਾਅਦ ਵਣਪਾਲ ਵਿਸ਼ਾਲ ਚੌਹਾਨ ਆਈਐੱਫਐੱਸ ਨੂੰ ਫੜਿਆ ਹੈ, ਕਿਉਂਕਿ ਇਨ੍ਹਾਂ ਨੇ ਮਿਲੀਭੁਗਤ ਕਰ ਕੇ ਕੋਲੋਨਾਈਜਰ ਦਵਿੰਦਰ ਸਿੰਘ ਸੰਧੂ ਦੀ ਕੰਪਨੀ ਤੋਂ ਮੋਟੀ ਰਿਸ਼ਵਤ ਲੈਣ ਲਈ ਉਸ ਨੂੰ ਸਰਕਾਰੀ ਕਾਰਵਾਈ ਦਾ ਡਰਾਵਾ ਦੇ ਕੇ ਦੋਸ਼ੀਆਂ ਗੁਰਅਮਨਪ੍ਰੀਤ ਸਿੰਘ ਅਤੇ ਠੇਕੇਦਾਰ ਹਰਮਹਿੰਦਰ ਸਿੰਘ ਹੰਮੀ ਦੇ ਰਾਹੀਂ ਰਿਸ਼ਵਤ ਦੀ ਸੈਟਿੰਗ ਕੀਤੀ ਸੀ। ਇਸ ਵਿੱਚ ਉਸ ਦੀ ਭੂਮਿਕਾ ਨਿਕਲਣ ਪਿੱਛੋਂ ਵਿਸ਼ਾਲ ਚੌਹਾਨ ਨੂੰ ਦੋਸ਼ੀ ਵਜੋਂ ਗ੍ਰਿਫ਼ਤਾਰ ਕੀਤਾ ਹੈ।ਬੁਲਾਰੇ ਨੇ ਦੱਸਿਆ ਕਿ ਦਵਿੰਦਰ ਸਿੰਘ ਸੰਧੂ ਸੈਕਟਰ 10 ਚੰਡੀਗੜ੍ਹ ਦੀ ਪਿੰਡ ਮਸੌਲ ਤੇ ਟਾਂਡਾ, ਸਬ ਤਹਿਸੀਲ ਮਾਜਰੀ ਜ਼ਿਲ੍ਹਾ ਮੋਹਾਲੀ ਵਿੱਚਕੰਪਨੀ ਦੇ ਨਾਮ ਕਰੀਬ 100 ਏਕੜ ਜ਼ਮੀਨ ਹੈ। ਇਸਦਾ ਕੁਝ ਹਿੱਸਾ ਪੀਐੱਲਪੀਏ ਕਾਨੂੰਨ ਦੀ ਧਾਰਾ 4 ਹੇਠ ਹੈ।ਬੀਤੀ 24 ਅਪਰੈਲ ਨੂੰ ਰਣਜੋਧ ਸਿੰਘ ਰੇਂਜ ਅਫਸਰ ਨੇ ਦਵਿੰਦਰ ਸਿੰਘ ਸੰਧੂ ਦੇ ਪਿਤਾ ਕਰਨਲ ਬਲਜੀਤ ਸਿੰਘ ਸੰਧੂ ਅਤੇ ਉਨ੍ਹਾਂ ਦੇ ਦਫਤਰ ਦੇ ਮੁਲਾਜ਼ਮ ਤਰਸੇਮ ਸਿੰਘ ਵਿਰੁੱਧ ਕੁਦਰਤੀ ਜੰਗਲੀ ਬੂਟਿਆਂ ਨੂੰ ਨੁਕਸਾਨ ਪੁਚਾਉਣ ਦਾ ਦੋਸ਼ ਲਾ ਕੇ ਮੁੱਖ ਅਫ਼ਸਰ ਥਾਣਾ ਨਵਾਂ ਗਰਾਉਂ ਨੂੰ ਸ਼ਿਕਾਇਤ ਦਿੱਤੀ ਗਈ ਤੇ 27 ਅਪਰੈਲ ਨੂੰ ਦਵਿੰਦਰ ਸਿੰਘ ਸੰਧੂ ਨੂੰ ਰਣਜੋਧ ਸਿੰਘ ਰੇਂਜ ਅਫਸਰ ਤੇ ਜੰਗਲਾਤ ਪਟਵਾਰੀ ਅਮਨ ਨੇ ਕਿਹਾ ਕਿ ਥਾਣਾ ਨਵਾਂ ਗਰਾਉਂ ਵਿਖੇ ਦਿੱਤੀ ਦਰਖ਼ਾਸਤ ਉਨ੍ਹਾਂ ਨੇ ਗੁਰਅਮਨਪ੍ਰੀਤ ਸਿੰਘ ਤੇ ਵਿਸ਼ਾਲ ਚੌਹਾਨ ਵਣਪਾਲ ਸ਼ਿਵਾਲਿਕ ਸਰਕਲ ਦੇ ਕਹਿਣ ਉੱਤੇ ਦਿੱਤੀ ਹੈ, ਇਸ ਲਈ ਤੁਸੀਂ ਉਨ੍ਹਾਂ ਨਾਲ ਗੱਲ ਕਰੋ, ਨਹੀਂ ਤਾਂ ਕੇਸ ਦਰਜ ਹੋ ਜਾਵੇਗਾ।



ਵਿਜੀਲੈਂਸ ਦੇ ਬੁਲਾਰੇ ਨੇ ਦੱਸਿਆ ਕਿ ਇਸ ਪਿੱਛੋਂ 30 ਅਪਰੈਲ ਨੂੰ ਠੇਕੇਦਾਰ ਹਰਮਹਿੰਦਰ ਸਿੰਘ ਉਰਫ ਹੰਮੀ ਤੇ ਗੁਰਅਮਨਪ੍ਰੀਤ ਸਿੰਘ ਦੋਵੇਂਦਵਿੰਦਰ ਸਿੰਘ ਸੰਧੂ ਨੂੰ ਮਿਲੇ ਅਤੇ ਉਨ੍ਹਾਂ ਵਿਚਾਲੇ ਰਣਜੋਧ ਸਿੰਘ ਵੱਲੋਂਦਿੱਤੀ ਸ਼ਿਕਾਇਤ ਬਾਰੇ ਕਰੀਬ ਡੇਢ ਘੰਟਾ ਗੱਲ ਹੋਈ, ਜਿਹੜੀ ਦਵਿੰਦਰ ਸਿੰਘ ਸੰਧੂ ਨੇ ਵੀਡੀਓ ਰਿਕਾਰਡਿੰਗ ਕਰ ਲਈ। ਫਿਰ ਠੇਕੇਦਾਰ ਹੰਮੀ ਦੇ ਕਹਿਣ ਉੱਤੇ ਦਵਿੰਦਰ ਸਿੰਘ ਸੰਧੂ ਨੇ ਦੋ ਲੱਖ ਰੁਪਏ ਦਾ ਪੈਕਟ ਗੁਰਅਮਨਪ੍ਰੀਤ ਸਿੰਘ ਨੂੰ ਦਿੱਤਾ ਅਤੇ ਉਸਨੇ ਆਪਣੇ ਕੋਲ ਰੱਖ ਲਿਆ। ਇਸ ਮੌਕੇ ਗੁਰਅਮਨਪ੍ਰੀਤ ਸਿੰਘ ਨੇ ਦਵਿੰਦਰ ਸਿੰਘ ਸੰਧੂ ਨੂੰ ਦੱਸਿਆ ਕਿ ਉਹ ਪ੍ਰਾਜੈਕਟ ਬਾਰੇ ਵਿਸ਼ਾਲ ਚੌਹਾਨ ਵਣਪਾਲ ਨਾਲ ਗੱਲ ਕਰਕੇ ਬਾਕੀ ਪੈਸਿਆਂ ਬਾਰੇਫੇਰ ਦੱਸੇਗਾ। ਕੁਝ ਦਿਨਾਂ ਪਿੱਛੋਂ ਠੇਕੇਦਾਰ ਹੰਮੀ ਨੇ ਦਵਿੰਦਰ ਸੰਧੂ ਨੂੰ ਦੱਸਿਆ ਕਿ ਉਸ ਦੀ ਤੇ ਗੁਰਅਮਨਪ੍ਰੀਤ ਦੀ ਵਿਸ਼ਾਲ ਚੌਹਾਨ ਨਾਲ ਗੱਲ ਹੋਈ ਹੈ, ਜਿਨ੍ਹਾਂ ਨੇ ਕਿਹਾ ਹੈ ਕਿ ਪ੍ਰੋਜੈਕਟ ਸ਼ੁਰੂ ਕਰਨਾ ਹੈ ਤਾਂ ਉਸ ਵਿੱਚੋਂ ਇੱਕ ਕਰੋੜ ਰੁਪਏ ਪਹਿਲਾਂ ਤੇ ਦਸ ਲੱਖ ਰੁਪਏ ਮਹੀਨਾ ਅਤੇ ਜੋ ਜ਼ਮੀਨ ਵਿਕੇਗੀ, ਉਸ ਵਿੱਚੋਂ ਪੰਜ ਲੱਖ ਰੁਪਏ ਹਿੱਸਾ ਦੇਣਾ ਪਵੇਗਾ। ਦਵਿੰਦਰ ਸਿੰਘ ਸੰਧੂਏਨੀ ਰਿਸ਼ਵਤ ਦੇਣਾ ਨਹੀਂ ਮੰਨਿਆ ਤੇ ਉਸ ਨੇ ਐਂਟੀ ਕੁਰੱਪਸ਼ਨ ਹੈਲਪਲਾਈਨ ਨੂੰ ਸ਼ਿਕਾਇਤ ਭੇਜ ਦਿਤੀ। ਇਸ ਵਿਜੀਲੈਂਸ ਗੁਰਅਮਨਪ੍ਰੀਤ ਸਿੰਘ ਤੇ ਠੇਕੇਦਾਰ ਹੰਮੀ ਨੂੰ ਗ੍ਰਿਫ਼ਤਾਰ ਕਰਕੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਗੁਰਅਮਨਪ੍ਰੀਤ ਸਿੰਘ ਅਤੇ ਵਿਸ਼ਾਲ ਚੌਹਾਨ ਨੇ ਮਿਲੀਭੁਗਤ ਨਾਲ ਹੇਠਲੇ ਮੁਲਾਜ਼ਮਾਂ ਉੱਤੇ ਦਬਾਅ ਪਾਕੇ ਦਵਿੰਦਰ ਸਿੰਘ ਸੰਧੂ ਦੇ ਪਿਤਾ ਵਿਰੁੱਧ ਨਵਾਂ ਗਰਾਓਂ ਥਾਣੇ ਨੂੰ ਸ਼ਿਕਾਇਤ ਕਰਵਾ ਕੇ ਉਨ੍ਹਾਂ ਉੱਤੇਕੇਸਕੀਤਾ ਸੀ। ਅਗਲੇ ਦਿਨ 10 ਮਈ ਨੂੰ ਵਿਸ਼ਾਲ ਚੌਹਾਨ ਨੇ ਗੁਰਅਮਨਪ੍ਰੀਤ ਸਿੰਘ ਦੀ ਹਾਜ਼ਰੀ ਵਿੱਚ ਆਪਣੇ ਮੁਲਾਜ਼ਮਾਂ ਨੂੰ ਕਿਹਾ ਕਿ ਇਸ ਕੇਸ ਵਿੱਚ ਦਵਿੰਦਰ ਸਿੰਘ ਸੰਧੂ ਦਾ ਨਾਮ ਜੋੜ ਕੇ ਕੇਸ ਵਿਚ ਵਾਧਾ ਜੁਰਮ ਕਰਾਉਣ ਦੀਕਾਰਵਾਈ ਕਰਨ।ਇਸ ਬਾਰੇ ਉਨ੍ਹਾਂ ਬਣਾਈ ਟਾਈਪਸ਼ੁਦਾ ਦਰਖਾਸਤ ਉਨ੍ਹਾਂ ਨੂੰ ਦਿੱਤੀ। ਬੁਲਾਰੇ ਨੇ ਦੱਸਿਆ ਕਿ ਸਾਰੇ ਘਟਨਾਕ੍ਰਮ ਤੇ ਜ਼ੁਬਾਨੀ ਤੇ ਦਸਤਾਵੇਜ਼ੀ ਸਬੂਤਾਂ ਤੋਂ ਸਾਫ ਸੀ ਕਿ ਵਿਸ਼ਾਲ ਚੌਹਾਨ ਉਨ੍ਹਾਂ ਦੋਹਾਂ ਦੋਸ਼ੀਆਂ ਨਾਲ ਮਿਲ ਕੇ ਦਵਿੰਦਰ ਸਿੰਘ ਸੰਧੂ ਦੀ ਕੰਪਨੀ ਤੋਂ ਮੋਟੀ ਰਿਸ਼ਵਤ ਲੈਣੀ ਚਾਹੁੰਦਾ ਸੀ।








# ਸੰਪਾਦਕੀ

## ਸਮੱਸਿਆ ਬਰੈਂਪਟਨ, ਪੈਟਰਿਕ ਬਰਾਊਨ ਜਾਂ ਕਿਤੇ ਹੋਰ

ਕੰਜ਼ਰਵੇਟਿਵ ਪਾਰਟੀ ਲੀਡਰਸ਼ਿੱਪ ਚੋਣ ਵਿੱਚੋਂ ਮੇਅਰ ਪੈਟਰਿਕ ਬਰਾਊਨ ਨੂੰ ਬਾਹਰ ਕੱਢੇ ਜਾਣ ਤੋਂ ਬਾਅਦ ਸਮੁੱਚੇ ਕੈਨੇਡਾ ਦਾ ਧਿਆਨ ਯਕਦਮ ਉੱਤੇ ਬਰੈਂਪਟਨ ਉੱਤੇ ਕੇਂਦਰਿਤ ਹੋ ਗਿਆ ਜਾਪਦਾ ਹੈ। ਇਹ ਵਿਸ਼ਾ ਕਿਸੇ ਤੋਂ ਲੁਕਿਆ ਨਹੀਂ ਹੈ ਕਿ ਕਿਵੇਂ ਬਰੈਂਪਟਨ ਕਾਉਂਸਲ ਦੇ ਦੁਫਾੜ ਹੋਏ ਦੋ ਧੜੇ ਇੱਕ ਦੂਜੇ ਦੀ ਪਿੱਠ ਵਿੱਚ ਇਲਜ਼ਾਮਾਂ ਦੇ ਛੁਰੇ ਮਾਰਨ ਲਈ ਤਰਲੋਮੱਛੀ ਹਨ। ਹਾਲ ਦੀ ਘੜੀ ਸਿਹਰਾ ਮੇਅਰ ਪੈਟਰਿਕ ਬਰਾਊਨ ਦੇ ਸਿਰ ਜਾਂਦਾ ਹੈ ਜਿਸਨੇ ਇਸ ਸ਼ਹਿਰ ਨੂੰ ਕੌਮੀ ਪੱਧਰ ਉੱਤੇ ਮਸ਼ਹੂਰੀ ਬਖ਼ਸ਼ੀ ਹੈ। ਕਾਸ਼ ਇਹ ਮਸ਼ਹੂਰੀ ਕਿਸੇ ਚੰਗੇ ਕਾਰਣ ਸਦਕਾ ਹੁੰਦੀ। ਪਿਛਲੇ ਦੋ ਸਾਲਾਂ ਦੇ ਕੋਵਿਡ 19 ਦੇ ਅਰਸੇ ਦੌਰਾਨ ਇਸ ਸ਼ਹਿਰ ਨੂੰ ਕੌਮੀ ਪੱਧਰ ਉੱਤੇ ਮੀਡੀਆ ਨੇ ਬਦਨਾਮ ਕਰਕੇ ਰੱਖਿਆ ਜਿਵੇਂ ਕੋਵਿਡ 19 ਨੂੰ ਇੱਥੋਂ ਦੇ ਪਰਵਾਸੀ ਬਾਸ਼ਿੰਦੇ ਜਾਣਬੁੱਝ ਕੇ ਸੱਦਾ ਦੇਂਦੇ ਰਹੇ ਹੋਣ। ਇਸ ਬਾਬਤ ICES (ਪੁਰਾਣਾ ਨਾਮ the institute for Clinical Evaluative Sciences) ਦੀਆਂ ਰਿਪੋਰਟਾਂ ਪੜੀਆਂ ਜਾ ਸਕਦੀਆਂ ਹਨ।

ਪੈਟਰਿਕ ਬਰਾਊਨ ਦਾ ਨਾਮ ਅੱਜ ਚਰਚਾ ਵਿੱਚ ਹੋਣਾ ਸੁਭਾਵਿਕ ਹੈ ਜਿਸਨੇ 2018 ਵਿੱਚ ਪ੍ਰੋਵਿੰਸ਼ੀਅਲ ਕੰਜ਼ਰਵੇਟਿਵ ਲੀਡਰਸ਼ਿੱਪ ਖੁੱਸਣ ਤੋਂ ਬਾਅਦ ਇਹ ਆਖ ਬਰੈਂਪਟਨ ਆ ਡੇਰਾ ਲਾਇਆ ਸੀ ਕਿ ਇਹ ਸ਼ਹਿਰ ਉਸਦੀਆਂ ਜੜ੍ਹਾਂ ਦਾ ਆਧਾਰ ਹੈ ਭਾਵ ਉਸਦਾ ਬਚਪਨ ਇੱਥੇ ਬੀਤਿਆ ਹੈ। ਫੇਰ ਫੈਡਰਲ ਪੱਧਰ ਉੱਤੇ ਨਾਮਣਾ ਖੱਟਣ ਲਈ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿੱਪ ਫਾਰਮ ਭਰਨ ਵੇਲੇ ਬਚਪਨ ਦਾ ਹੇਜ ਕਿੱਥੇ ਗੁਆਚ ਗਿਆ ਸੀ, ਕਿਸੇ ਨੂੰ ਪਤਾ ਨਹੀਂ। ਬਰੈਂਪਟਨ ਕਾਉਂਸਲ ਦੇ ਬਣੇ ਦੋ ਧੜਿਆਂ ਦਾ ਸ਼ਹਿਰ ਪ੍ਰਤੀ ਮੋਹ-ਤੇਹ ਐਨਾ ਡੂੰਘਾ ਹੈ ਕਿ ਇੱਕ ਦੂਜੇ ਦੀ ਸਿਆਸੀ ਮੌਤ ਦਾ ਇੰਤਜ਼ਾਮ ਕਰਨ ਲਈ ਕੁੱਝ ਵੀ ਕਰਨ ਨੂੰ ਤਿਆਰ ਹਨ। ਖਰਬੂਜ਼ਾ ਛੁਰੀ ਉੱਤੇ ਡਿੱਗੇ ਜਾਂ ਛੁਰੀ ਖਰਬੂਜੇ ਉੱਤੇ - ਨੁਕਸਾਨ ਕਿਸਦਾ ਹੋਵੇਗਾ, ਇਸ ਗੱਲ ਨਾਲ ਕਿਸ ਨੂੰ ਤਾਅਲੁੱਕ ਹੈ? ਇਹ ਸੋਚਣਾ ਤਾਂ ਬਰੈਂਪਟਨ ਵਾਸੀਆਂ ਦਾ ਕੰਮ ਹੈ ਲੀਡਰਾਂ ਦਾ ਨਹੀਂ। ਜੇ ਦੂਰ ਨਾ ਜਾਈਏ ਤਾਂ ਪਿਛਲੇ 22 ਸਾਲ ਦਾ ਇਤਿਹਾਸ ਇਸ ਗੱਲ ਦੀ ਚੀਕ ਚੀਕ ਕੇ ਗਵਾਹੀ ਰਿਹਾ ਹੈ ਕਿ ਇਸਦੇ ਮੇਅਰਾਂ ਨੇ ਸ਼ਹਿਰ ਨਾਲ ਸਹੀ ਨਹੀਂ ਕੀਤਾ (2000 ਤੋਂ 2014 ਤੱਕ ਸੂਜ਼ਨ ਫੈਨਲ, 2014 ਤੋਂ 2018 ਤੱਕ ਲਿੰਡਾ ਜੈਫਰੀ ਅਤੇ ਹੁਣ ਪੈਟਰਿਕ ਬਰਾਊਨ।

ਬਰੈਂਪਟਨ ਦੇ ਹਿੱਤਾਂ ਨਾਲ ਥੋੜਾ ਬਹੁਤਾ ਸਰੋਕਾਰ ਰੱਖਣ ਵਾਲਿਆਂ ਨੂੰ ਸੋਚਣਾ ਹੋਵੇਗਾ ਕਿ ਤਬਦੀਲੀ ਦੇ ਨਾਮ ਚੁਣੀ ਹਰ ਕਾਉਂਸਲ ਦਾ ਇੱਕ ਤੋਂ ਦੂਜਾ ਕਾਰ-ਜਕਾਲ ਧੜੇਬੰਦੀਆਂ, ਨਲਾਇਕੀਆਂ ਅਤੇ ਬਰਬਾਦੀਆਂ ਦਾ ਲਖਾਇਕ ਕਿਉਂ ਬਣ ਜਾਂਦਾ ਹੈ। ਆਖਦੇ ਹਨ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ ਪਰ ਬਰੈਂਪਟਨ ਕਾਉਂਸਲ ਵਿੱਚ ਇਹਿਤਾਸ ਦੁਹਰਾਇਆ ਨਹੀਂ ਜਾਂਦਾ ਸਗੋਂ ਪਹਿਲੇ ਗੇੜ੍ਹ ਨਾਲੋਂ ਹੋਰ ਮਾੜਾ ਮਾੜਾ ਰੂਪ ਧਾਰਨ ਕਰਕੇ ਸਾਹਮਣੇ ਆਉਂਦਾ ਹੈ। ਹੁਣ ਤਾਂ ਇੰਝ ਜਾਪਦਾ ਹੈ ਕਿ ਧੜੇਬੰਦੀਆਂ ਅਤੇ ਨਲਾਇਕੀਆਂ ਦੀਆਂ ਸੱਟਾਂ ਸਹਿੰਦੇ ਬਰੈਂਪਟਨ ਦਾ ਪਿੰਡਾਂ ਥੱਕ ਟੁੱਟ ਗਿਆ ਹੈ।

ਜਿੰਨੀ ਚਾਹੋ ਉੱਨੀ ਚਰਚਾ ਕੀਤੀ ਜਾ ਸਕਦੀ ਹੈ ਕਿ ਈਲੇਨ ਮੋਰ ਨੂੰ ਸ਼ਾਰਮੇਨ ਵਿਲੀਅਮਜ਼ ਦੇ ਮੰਤਰੀ ਬਣਨ ਤੋਂ ਘਰੇ ਸੁੱਤੀ ਪਈ ਨੂੰ ਨੀਂਦਰੋਂ ਜਗਾ ਕੇ ਗੱਦੀ ਉੱਤੇ ਕਿਉਂ ਬਿਠਾਇਆ ਗਿਆ, ਸਿਟੀ ਦੇ ਦੋ ਪੰਜਾਬੀ ਕਾਉਂਸਲਰ ਏਕੇ ਦੀ ਥਾਂ ਵਿਰੋਧੀ ਖੇਮਿਆਂ ਵਿੱਚ ਬੈਠ ਘਾਤਕ ਤੀਰ ਕਿਉਂ ਚਲਾ ਰਹੇ ਹਨ, ਪੈਟਰਿਕ ਬਰਾਊਨ ਇਹ ਬਿਆਨ ਦੇਣ ਦੀ ਹਿਮਾਕਤ ਕਿਉਂ ਕਰਦਾ ਹੈ ਕਿ ਜੇ ਉਹ ਫੈਡਰਲ ਕੰਜ਼ਰਵੇਟਿਵ ਚੋਣ ਹਾਰ ਗਿਆ ਤਾਂ ਬਰੈਂਪਟਨ ਮੇਅਰ ਦੀ ਚੋਣ ਤਾਂ ਲੜ ਹੀ ਲਵੇਗਾ? ਹੋਰ ਵੀ ਕਿੰਨੀਆਂ ਹੀ ਗੱਲਾਂ ਹਨ ਜਿਹਨਾਂ ਬਾਰੇ ਚਰਚਾ ਕੀਤਾ ਜਾ ਸਕਦੀ ਹੈ। ਇਹਨਾਂ ਚਰਚਾਵਾਂ ਬਾਰੇ ਮਸਾਲਾ ਇੰਟਰਨੈੱਟ ਤੋਂ ਬਥੇਰਾ ਮਿਲ ਜਾਵੇਗਾ ਪਰ ਸੋਚਣ ਵਾਲੀ ਗੱਲ ਹੈ ਕਿ ਆਖਰ ਨੂੰ ਬਰੈਂਪਟਨ ਕਾਉਂਸਲ ਦੀਆਂ ਸਮੱਸਿਆਵਾਂ ਦੀ ਜੜ੍ਹ ਕਿੱਥੇ ਹੈ ਅਤੇ ਇਸਦੀਆਂ ਜੜਾਂ ਜ਼ਰਜ਼ਰ ਕਿਉਂ ਹਨ?

ਉਂਟੇਰੀਓ ਮਿਊਂਸਪਲ ਐਕਟ, 2001 ਅਨੁਸਾਰ ਉਂਟੇਰੀਓ ਮਿਉਂਸਪਲ ਕਾਉਂਸਲਰਾਂ ਦਾ ਮੁੱਖ ਰੋਲ ਸਥਾਨਕ ਵਾਸੀਆਂ ਦੀ ਨੁਮਾਇੰਦਗੀ ਕਰਨਾ, ਉਹਨਾਂ ਦੀ ਸੁਖ ਸਹੂਲਤ ਲਈ ਕੰਮ ਕਰਨਾ ਅਤੇ ਮਿਉਂਸਪੈਲਟੀ ਦੇ ਹਿੱਤਾਂ ਦੀ ਰਾਖੀ ਕਰਨਾ ਹੈ। ਐਕਟ ਅਨੁਸਾਰ ਮੇਅਰ ਦਾ ਰੋਲ ਸਮੁੱਚੀ ਕਾਉਂਸਲ ਨੂੰ ਲੀਡਰਸ਼ਿੱਪ ਪ੍ਰਦਾਨ ਕਰਨਾ ਹੈ। ਪਰ ਜੇ ਸ਼ਹਿਰ ਦੀ ਕਾਉਂਸਲ ਅਤੇ ਇਸਦਾ ਮੇਅਰ ਆਪਣੇ ਰੋਲ ਨੂੰ ਨਿਭਾਉਣ ਵਿੱਚ ਅਸਫ਼ਲ ਹੋਣ ਤਾਂ ਇਲਾਜ ਕੀ ਹੋਵੇ? ਕੀ ਇਹ ਸਹੀ ਸਮਾਂ ਨਹੀਂ ਕਿ ਪ੍ਰੋਵਿੰਸ਼ੀਅਲ ਸਰਕਾਰ ਆਪਣੀ ਜ਼ੁੰਮੇਵਾਰੀ ਨੂੰ ਨਿਭਾਵੇ ਅਤੇ ਸ਼ਹਿਰ ਦੇ ਕੰਮਕਾਜ ਨੂੰ ਲੀਹ ਉੱਤੇ ਲਿਅਉਣ ਲਈ ਬਣਦੇ ਇੰਤਜ਼ਾਮ ਕਰੇ। ਜੇ ਸਰਕਾਰ ਪੀਲ ਸਕੂਲ ਬੋਰਡ ਵਿੱਚ ਰੇਸਿਜ਼ਮ (ਨਸਲਵਾਦ) ਦੇ ਦੋਸ਼ਾਂ ਤੋਂ ਪਰੇਸ਼ਾਨ ਹੋ ਕੇ ਜਾਂਚ ਕਰਵਾ ਸਕਦੀ ਹੈ ਅਤੇ ਨਵੇਂ ਪ੍ਰਸ਼ਾਸ਼ਕ ਲਾ ਸਕਦੀ ਹੈ ਤਾਂ ਬਰੈਂਪਟ ਦੀ ਸਮੁੱਚੀ ਕਾਉਂਸਲ ਦੇ ਨਿਕੰਮੇਪਣ ਨੂੰ ਨਕੇਲ ਕਿਉਂ ਨਹੀਂ ਪਾਈ ਜਾ ਸਕਦੀ?

# ਪਾਰਟੀ ਵੱਲੋਂ ਬਗਾਵਤੀ ਸੁਰ ਅਪਨਾਉਣ ਤੋਂ ਬਾਅਦ ਅਸਤੀਫਾ ਦੇਣਗੇ ਬੌਰਿਸ ਜੌਹਨਸਨ

...ਪੰਨਾ 1 ਦਾ ਬਾਕੀ

ਆਪਣੇ ਨਜ਼ਦੀਕੀ ਸਹਾਇਕ ਖਜ਼ਾਨਾ ਚੀਫ ਨਾਧਿਮ ਜ਼ਹਾਵੀ ਵੱਲੋਂ ਪ੍ਰਧਾਨ ਮੰਤਰੀ ਨੂੰ ਦੇਸ਼ ਦੇ ਭਲੇ ਲਈ ਅਸਤੀਫਾ ਦੇਣ ਵਾਸਤੇ ਰਾਜ਼ੀ ਕਰ ਲਏ ਜਾਣ ਤੋਂ ਬਾਅਦ ਜੌਹਨਸਨ ਆਪਣਾ ਅਹੁਦਾ ਛੱਡਣ ਲਈ ਤਿਆਰ ਹੋ ਗਏ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਕੰਜ਼ਰਵੇਟਿਵ ਪਾਰਟੀ ਵੱਲੋਂ ਨਵਾਂ ਆਗੂ, ਜੋ ਕਿ ਆਟੋਮੈਟਿਕਲੀ ਪ੍ਰਧਾਨ ਮੰਤਰੀ ਵੀ ਬਣ ਜਾਵੇਗਾ, ਚੁਣੇ ਜਾਣ ਤੱਕ ਜੌਹਨਸਨ ਆਫਿਸ ਵਿੱਚ ਬਣੇ ਰਹਿਣਗੇ ਜਾਂ ਨਹੀਂ। ਇਸ ਸਬੰਧ ਵਿੱਚ ਰਸਮੀ ਐਲਾਨ ਵੀਰਵਾਰ ਦੇਰ ਨਾਲ ਕੀਤੇ ਜਾਣ ਦੀ ਸੰਭਾਵਨਾ ਹੈ।

ਜ਼ਹਾਵੀ ਨੇ ਉਸ ਸਮੇਂ ਦਖਲ ਦਿੱਤਾ ਜਦੋਂ ਜੌਹਨਸਨ ਦੇ ਮੰਤਰੀ ਮੰਡਲ ਦੇ ਦੋ ਹੋਰ ਮੈਂਬਰਾਂ ਵੱਲੋਂ ਤਿੰਨ ਜੂਨੀਅਰ ਅਧਿਕਾਰੀਆਂ ਸਮੇਤ ਅਸਤੀਫਾ ਦੇ ਦਿੱਤਾ ਗਿਆ। ਇਸ ਨਾਲ ਇਸ ਹਫਤੇ ਸਰਕਾਰ ਨੂੰ ਛੱਡਣ ਵਾਲਿਆਂ ਦੀ ਗਿਣਤੀ 50 ਤੋਂ ਵੀ ਉੱਪਰ ਟੱਪ ਗਈ। ਬੁੱਧਵਾਰ ਨੂੰ ਜੌਹਨਸਨ ਨੇ ਅਸਤੀਫਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਇਹ ਵੀ ਆਖਿਆ ਸੀ ਕਿ ਆਫਿਸ ਵਿੱਚ ਬਣੇ ਰਹਿਣ ਲਈ ਉਨ੍ਹਾਂ ਕੋਲ ਵੋਟਰਾਂ ਦਾ ਫਤਵਾ ਹੈ। ਪਰ ਵੀਰਵਾਰ ਨੂੰ ਸਥਿਤੀ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆਂ ਵਿਵਾਦਾਂ ਵਿੱਚ ਘਿਰੇ ਜੌਹਨਸਨ ਨੇ ਅਸਤੀਫਾ ਦੇਣ ਦਾ ਮਨ ਬਣਾ ਹੀ ਲਿਆ।

58 ਸਾਲਾ ਜੌਹਨਸਨ ਦੇ ਪ੍ਰਧਾਨ ਮੰਤਰੀ ਰਹਿੰਦਿਆਂ ਉਨ੍ਹਾਂ ਉੱਤੇ ਤਰ੍ਹਾਂ ਤਰ੍ਹਾਂ ਦੇ ਦੋਸ਼ ਲੱਗਦੇ ਰਹੇ। ਉਨ੍ਹਾਂ ਉੱਤੇ ਡੋਨਰਜ਼ ਦੇ ਨਜ਼ਦੀਕੀ ਹੋਣ, ਭ੍ਰਿਸ਼ਟਾਚਾਰ ਕਰਨ, ਸੰਸਦ ਨੂੰ ਗੁੰਮਰਾਹ ਕਰਨ, ਮਹਾਂਮਾਰੀ ਸਬੰਧੀ ਲਾਕਡਾਊਨ ਨਿਯਮਾਂ ਨੂੰ ਤੋੜਨ ਵਾਲੀਆਂ ਸਰਕਾਰੀ ਆਫਿਸ ਪਾਰਟੀਆਂ ਬਾਰੇ ਜਨਤਾ ਨੂੰ ਝੂਠ ਬੋਲਣ ਆਦਿ ਵਰਗੇ ਦੋਸ਼ ਲੱਗਦੇ ਰਹੇ। ਪਰ ਕੰਜ਼ਰਵੇਟਿਵ ਨੀਤੀਘਾੜੇ ਕ੍ਰਿਸ ਪਿੰਚਰ ਉੱਤੇ ਜਿਨਸੀ ਸ਼ੋਸ਼ਣ ਦੇ ਲੱਗੇ ਦੋਸ਼ਾਂ ਦੀ ਜਾਣਕਾਰੀ ਹੋਣ ਤੋਂ ਬਾਅਦ ਵੀ ਉਸ ਨੂੰ ਸੀਨੀਅਰ ਅਹੁਦੇ ਉੱਤੇ ਬਿਠਾਉਣ ਦਾ ਫੈਸਲਾ ਜੌਹਨਸਨ ਦੀ ਆਪਣੀ ਹੀ ਪਾਰਟੀ ਦੇ ਮੈਂਬਰਾਂ ਨੂੰ ਗਵਾਰਾ ਨਹੀਂ ਗੁਜ਼ਰਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh**<br>**Komal Matharu** |
| **Photographer** | Kanwaljit Singh Kanwal |
| **Distributer**<br>**Marketing:** | **Bhupinder Dhillon**<br>**Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਪੰਜਾਹ ਹਜ਼ਾਰ ਰੁਪਏ ਦੇ ਲੈਣ-ਦੇਣ ਪਿੱਛੇ ਨੌਜਵਾਨ ਦਾ ਕਤਲ

ਗੜ੍ਹਸ਼ੰਕਰ, 7 ਜੁਲਾਈ (ਪੋਸਟ ਬਿਊਰੋ)- ਏਥੇ ਪੰਜਾਹ ਹਜ਼ਾਰ ਰੁਪਏ ਦੇ ਲੈਣ-ਦੇਣ ਨੂੰ ਲੈ ਕੇ ਨੌਜਵਾਨ ਦੀ ਹੱਤਿਆ ਦਾ ਮਾਮਲਾ ਸਾਹਮਣੇ ਆਇਆ ਹੈ। ਬਿਸਤ ਦੋਆਬ ਨਹਿਰ ਵਿੱਚੋਂ ਨੌਜਵਾਨ ਦੀ ਲਾਸ਼ ਪੁਲਸ ਨੇ ਬਰਾਮਦ ਕੀਤੀ ਹੈ। ਨੌਜਵਾਨ ਦੇ ਸਿਰ ਉੱਤੇ ਤੇਜ਼ਧਾਰ ਹਥਿਆਰ ਨਾਲ ਵਾਰ ਦੇ ਨਿਸ਼ਾਨ ਸਨ।

ਗੜ੍ਹਸ਼ੰਕਰ ਪੁਲਸ ਨੇ ਲਾਸ਼ ਕਬਜ਼ੇ ਵਿੱਚ ਲੈ ਕੇ ਤਿੰਨ ਨਾਮਜ਼ਦਾਂ ਸਮੇਤ ਚਾਰ ਜਣਿਆਂ ਖਿਲਾਫ ਕਤਲ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਹੈ। ਮ੍ਰਿਤਕ ਦੀ ਪਛਾਣ ਜਤਿੰਦਰ ਕੁਮਾਰ ਪੁੱਤਰ ਜੀਵਨ ਕੁਮਾਰ ਵਾਸੀ ਵਾਰਡ ਨੰਬਰ 10 ਮੁਹੱਲਾ ਭੱਠਾ ਗੜ੍ਹਸ਼ੰਕਰ ਵਜੋਂ ਹੋਈ ਹੈ। ਐਸ ਆਈ ਰਾਕੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਕਿਸੇ ਵਿਅਕਤੀ ਦੀ ਲਾਸ਼ ਨਹਿਰ ਦੇ ਨੇੜੇ ਪਈ ਹੈ। ਇਸ ਪਿੱਛੋਂ ਲਾਸ਼ ਬਾਰ ਜਾਂਚ ਸ਼ੁਰੂ ਕੀਤੀ ਹੈ। ਉਸ ਦੇ ਸਰੀਰ ਉੱਤੇ ਸਿਰਫ ਅੰਡਰਵੀਅਰ ਸੀ।ਲੱਗਦਾ ਹੈ ਕਿ ਉਕਤ ਵਿਅਕਤੀ ਗੜ੍ਹਸ਼ੰਕਰ-ਬੰਗਾ ਰੋਡ ਉੱਤੇ ਬਿਸਤ ਦੋਆਬ ਨਹਿਰ ਵਿੱਚ ਨਹਾਉਣ ਲਈ ਉਤਰਿਆ ਹੋਵੇ। ਉਸ ਦੇ ਸਿਰ ਉੱਤੇ ਡੂੰਘਾ ਜ਼ਖਮ ਸੀ।

# ਐਕਸਪ੍ਰੈੱਸ ਐਂਟਰੀ ਤਹਿਤ ਡਰਾਅ ਕੱਢਣ ਦਾ ਸਿਲਸਿਲਾ ਮੁੜ ਕੀਤਾ ਜਾ ਰਿਹਾ ਹੈ ਸ਼ੁਰੂ



ਓਟਵਾ, 7 ਜੁਲਾਈ (ਪੋਸਟ ਬਿਊਰੋ) : ਕੈਨੇਡਾ ਦੇ ਇਮੀਗ੍ਰੇਸ਼ਨ ਡਿਪਾਰਟਮੈਂਟ ਵੱਲੋਂ ਛੇ ਜੁਲਾਈ ਤੋਂ ਐਕਸਪ੍ਰੈੱਸ ਐਂਟਰੀ ਤਹਿਤ ਸਾਰੇ ਪ੍ਰੋਗਰਾਮਾਂ ਲਈ ਡਰਾਅ ਕੱਢਣ ਦਾ ਸਿਲਸਿਲਾ ਮੁੜ ਸ਼ੁਰੂ ਕੀਤਾ ਜਾ ਰਿਹਾ ਹੈ।

ਐਕਸਪ੍ਰੈੱਸ ਐਂਟਰੀ ਵਰਗੇ ਸਿਸਟਮ ਨੂੰ ਤਥਾ ਕਥਿਤ ਤੌਰ ਉੱਤੇ ਇਕਨੌਮਿਕ ਇਮੀਗ੍ਰੈਂਟਸ ਦੀ ਚੋਣ ਕਰਨ ਲਈ ਵਰਤਿਆ ਜਾਂਦਾ ਹੈ। ਮਹਾਂਮਾਰੀ ਤੇ ਉਸ ਸਦਕਾ ਟਰੈਵਲ ਸਬੰਧੀ ਪਾਬੰਦੀਆਂ ਕਾਰਨ ਆਰਜ਼ੀ ਤੌਰ ਉੱਤੇ ਇਹ ਸਿਸਟਮ ਬੰਦ ਕਰ ਦਿੱਤਾ ਗਿਆ ਸੀ।ਪਰਮਾਨੈਂਟ ਰੈਜ਼ੀਡੈਂਸੀ ਹਾਸਲ ਕਰਨ ਲਈ ਕਈ ਲੋਕ ਜਿਹੜੇ ਬੈਕਲਾਗ ਵਿੱਚ ਹੀ ਫਸ ਗਏ ਸਨ ਉਨ੍ਹਾਂ ਲਈ ਇਹ ਕਾਫੀ ਰਾਹਤ ਭਰੀ ਖਬਰ ਹੈ। ਕਈਆਂ ਦਾ ਕਹਿਣਾ ਹੈ ਕਿ ਉਡੀਕ ਸਮੇਂ ਕਾਰਨ ਉਨ੍ਹਾਂ ਦੀ ਜ਼ਿੰਦਗੀ ਵਿੱਚ ਕਾਫੀ ਤਣਾਅ ਤੇ ਪਰੇਸ਼ਾਨੀ ਆਈ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡੀਅਨ ਐਕਸਪੀਰੀਐਂਸ ਕਲਾਸ (ਸੀਈਸੀ)ਸਬੰਧੀ ਡਰਾਅਜ਼ ਪਿਛਲੇ ਸਾਲ ਸਤੰਬਰ ਤੋਂ ਹੀ ਬੰਦ ਹਨ। ਫੈਡਰਲ ਸਕਿੱਲਡ ਵਰਕਰ ਪ੍ਰੋਗਰਾਮ (ਐਫਐਸਡਬਲਿਊਪੀ) ਤੇ ਫੈਡਰਲ ਸਕਿੱਲਡ ਟਰੇਡਜ਼ ਪ੍ਰੋਗਰਾਮ (ਐਫਐਸਟੀਪੀ) ਉੱਤੇ ਪਿਛਲੇ 18 ਮਹੀਨਿਆਂ ਭਾਵ ਦਸੰਬਰ 2020 ਤੋਂ ਰੋਕ ਲੱਗੀ ਹੋਈ ਹੈ।

ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਨੇ ਟਵੀਟ ਕਰਕੇ ਆਖਿਆ ਕਿ ਕੈਨੇਡੀਅਨ ਅਰਥਚਾਰੇ ਵਿੱਚ ਨਿਊਕਮਰਜ਼ ਅਹਿਮ ਭੂਮਿਕਾ ਨਿਭਾਉਣੀ ਜਾਰੀ ਰੱਖਣਗੇ ਤੇ ਅਸੀਂ ਇਸ ਪ੍ਰੋਗਰਾਮ ਦੀ ਮੁੜ ਸ਼ੁਰੂਆਤ ਕਰਨ ਉੱਤੇ ਕਾਫੀ ਆਸਵੰਦ ਹਾਂ।ਇਹ ਫੈਸਲਾ ਉਸ ਸਮੇਂ ਕੀਤਾ ਗਿਆ ਹੈ ਜਦੋਂ ਕੈਨੇਡਾ ਵਿੱਚ ਮੌਜੂਦਾ ਇਮੀਗ੍ਰੇਸ਼ਨ ਬੈਕਲਾਗ 2.4 ਮਿਲੀਅਨ ਲੋਕਾਂ ਤੱਕ ਪਹੁੰਚ ਚੁੱਕਿਆ ਹੈ ਤੇ ਦੇਸ਼ ਇਸ ਸਮੇਂ ਲੇਬਰ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ।

## ਛੁਰੇਬਾਜ਼ੀ ਵਿੱਚ ਇੱਕ ਹਲਾਕ ਇੱਕ ਜ਼ਖ਼ਮੀ

ਮਿਸੀਸਾਗਾ, 7 ਜੁਲਾਈ (ਪੋਸਟ ਬਿਊਰੋ) : ਸੋਮਵਾਰ ਸਵੇਰੇ ਮਿਸੀਸਾਗਾ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇੱਕ ਹੋਰ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ। ਕਈ ਵਿਅਕਤੀਆਂ ਉੱਤੇ ਚਾਕੂ ਨਾਲ ਹਮਲੇ ਦੀ ਰਿਪੋਰਟ ਦੇ ਕੇ ਪੁਲਿਸ ਨੂੰ ਤੜ੍ਹਕੇ 2:30 ਵਜੇ ਬ੍ਰਿਟੇਨੀਆ ਰੋਡ ਤੇ ਹੁਰੌਨਤਾਰੀਓ ਸਟਰੀਟ ਇਲਾਕੇ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਤੋਂ ਬਾਅਦ ਇੱਕ ਵਿਅਕਤੀ ਦੀ ਮੌਕੇ ਉੱਤੇ ਹੀ ਮੌਤ ਹੋ ਗਈ ਜਦਕਿ ਇੱਕ ਹੋਰ ਜ਼ਖ਼ਮੀ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਲੋਕਲ ਟਰੌਮਾ ਸੈਂਟਰ ਲਿਜਾਇਆ ਗਿਆ।

ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਕਈ ਮਸ਼ਕੂਕ ਇਲਾਕੇ ਤੋਂ ਫਰਾਰ ਹੋ ਗਏ ਸਨ ਤੇ ਕਿਸੇ ਵੀ ਮਸ਼ਕੂਕ ਦਾ ਵੇਰਵਾ ਅਜੇ ਜਾਰੀ ਨਹੀਂ ਕੀਤਾ ਜਾ ਸਕਿਆ ਹੈ। ਮਾਮਲੇ ਦੀ ਜਾਂਚ ਚੱਲ ਰਹੀ ਹੈ।

## ਲੈਫਟੀਨੈਂਟ ਜਨਰਲ ਮੋਹਨ ਸੁਬਰਾਮਨੀਅਮ ਯੂ ਐਨ ਓ ਮਿਸ਼ਨ ਵਿੱਚ ਫੋਰਸ ਕਮਾਂਡਰ ਤੈਨਾਤ

ਯੂ ਐੱਨ ਓ, 7 ਜੁਲਾਈ (ਪੋਸਟ ਬਿਊਰੋ)- ਯੂ ਐੱਨ ਓ ਦੇ ਸੈਕਟਰੀ ਜਨਰਲ ਅੰਤੋਨੀਓ ਗੁਟੇਰੇਜ਼ ਨੇ ਭਾਰਤੀ ਫੌਜ ਦੇ ਲੈਫਟੀਨੈਂਟ ਜਨਰਲ ਮੋਹਨ ਸੁਬਰਾਮਨੀਅਮ ਨੂੰ ਦੱਖਣੀ ਸੂਡਾਨ ਵਿੱਚ ਆਪਣੇ ਮਿਸ਼ਨ ਦਾ ਨਵਾਂ ਫੋਰਸ ਕਮਾਂਡਰ ਨਿਯੁਕਤ ਕੀਤਾ ਹੈ ਅਤੇ ਲੈਫਟੀਨੈਂਟ ਜਨਰਲ ਸੁਬਰਾਮਨੀਅਮ ਭਾਰਤੀ ਫੌਜ ਦੇ ਹੀ ਲੈਫਟੀਨੈਂਟ ਜਨਰਲ ਸ਼ੈਲੇਸ਼ ਤਿਨਾਇਕਰ ਦੀ ਥਾਂ ਲੈਣਗੇ। ਯੂ ਐਨ ਮਿਸ਼ਨ ਵੱਲੋਂ ਜਾਰੀ ਬਿਆਨ ਵਿੱਚ ਸੈਕਟਰੀ ਜਨਰਲ ਨੇ ਲੈਫਟੀਨੈਂਟ ਜਨਰਲ ਸ਼ੈਲੇਸ਼ ਤਿਨ-ਾਇਕਰ ਵੱਲੋਂ ਸੂਡਾਨ ਵਿਚਲੇ ਮਿਸ਼ਨ ਵਿੱਚ ਫੋਰਸ ਕਮਾਂਡਰ ਵਜੋਂ ਵਿਖਾਈ ਅਣਥੱਕ ਸਮਰਪਣ ਭਾਵਨਾ, ਬਹੁਮੁੱਲੀ ਸੇਵਾ ਅਤੇ ਅਸਰਦਾਰ ਲੀਡਰਸ਼ਿਪ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਅੰਤੋਨੀਓ ਗੁਟੇਰੇਜ਼ ਨੇ ਮਈ 2019 ਵਿੱਚ ਸ਼ੈਲੇਸ਼ ਤਿਨਾਇਕਰ ਨੂੰ ਇਸ ਅਹੁਦੇ ਵਾਸਤੇ ਨਿਯੁਕਤ ਕੀਤਾ ਸੀ। ਸੁਬਰਾਮਨੀਅਮ ਨੇ ਭਾਰਤੀ ਫੌਜ ਵਿੱਚ 36 ਸਾਲ ਤੋਂ ਵੱਧ ਦੀ ਸੇਵਾ ਕੀਤੀ ਹੈ ਅਤੇ ਉਨ੍ਹਾਂ ਦੀ ਹਾਲੀਆ ਪੋਸਟਿੰਗ ਕੇਂਦਰੀ ਭਾਰਤ ਵਿੱਚ ਮਿਲਟਰੀ ਖੇਤਰ (ਅਪਰੇਸ਼ਨਲ ਤੇ ਲੌਜਿਸਟਿਕ ਰੈਡੀਨੈਸ ਜ਼ੋਨ) ਦੇ ਜਨਰਲ ਆਫੀਸਰ ਕਮਾਂਡਿੰਗ ਵਜੋਂ ਸੀ। ਫੌਜੀ ਅਪਰੇਸ਼ਨ ਤੇ ਲੌਜਿਸਟਿਕ ਤਿਆਰੀਆਂ ਵਿੱਚ ਉਨ੍ਹਾਂ ਦਾ ਅਹਿਮ ਯੋਗਦਾਨ ਰਿਹਾ ਹੈ। ਇਸ ਤੋਂ ਪਹਿਲਾਂ ਉਹ ਰੱਖਿਆ ਮੰਤਰਾਲੇ (ਥਲ ਸੈਨਾ) ਦੇ ਇੰਟੈਗਰੇਟਿਡ ਹੈਡਕੁਆਰਟਰ ਵਿੱਚ ਖਰੀਦ ਅਤੇ ਇਕੁਇਪਮੈਂਟ ਪ੍ਰਬੰਧਨ ਦੇ ਅਡੀਸ਼ਨਲ ਡਾਇਰੈਕਟਰ ਜਨਰਲ ਸਨ। ਉਨ੍ਹਾਂ ਭਾਰਤੀ ਹਥਿਆਰਬੰਦ ਬਲਾਂ ਵਿੱਚ ਹੋਰ ਵੀ ਕਈ ਅਹੁਦਿਆਂ ਉੱਤੇ ਕੰਮ ਕੀਤਾ।

## ਬਰੈਂਪਟਨ ਵਿੱਚ ਟਰਾਂਜ਼ਿਟ ਨੂੰ ਬਿਹਤਰ ਬਣਾਉਣ ਲਈ ਐਮਪੀ ਸਹੋਤਾ ਵੱਲੋਂ ਹੋਰ ਨਿਵੇਸ਼ ਕਰਨ ਦਾ ਐਲਾਨ




ਬਰੈਂਪਟਨ, 7 ਜੁਲਾਈ (ਪੋਸਟ ਬਿਊਰੋ) : ਬਰੈਂਪਟਨ ਨੌਰਥ ਤੋਂ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਨੇ ਆਖਿਆ ਕਿ ਅੱਜ ਕੈਨੇਡੀਅਨਜ਼ ਨੂੰ ਕਲਾਈਮੇਟ ਚੇਂਜ ਤੇ ਹਵਾ ਵਿੱਚ ਜ਼ਹਿਰ ਘੋਲ ਰਹੇ ਪ੍ਰਦੂਸ਼ਣ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਆਖਿਆ ਕਿ ਪ੍ਰਦੂਸ਼ਣ ਨੂੰ ਘਟਾਉਣ ਤੇ ਹਰ ਪੱਖੋਂ ਮਜ਼ਬੂਤ ਲੋਕਲ ਇਨਫਰਾਸਟ੍ਰਕਚਰ ਵਿੱਚ ਨਿਵੇਸ਼ ਕਰਕੇ ਅਸੀਂ ਮਜ਼ਬੂਤ ਤੇ ਸਿਹਤਮੰਦ ਕਮਿਊਨਿਟੀਜ਼ ਦਾ ਨਿਰਮਾਣ ਕਰ ਰਹੇ ਹਾਂ।

ਕੁਦਰਤੀ ਵਸੀਲਿਆਂ ਬਾਰੇ ਮੰਤਰੀ ਜੌਨਾਥਨ ਵਿਲਕਿੰਸਨ ਤੇ ਫੈਡਰੇਸ਼ਨ ਆਫ ਕੈਨੇਡੀਅਨ ਮਿਊਂਸਪੈਲਿਟੀਜ਼ ਦੇ ਪ੍ਰੈਜ਼ੀਡੈਂਟ ਤਨੀਨ ਰੁਡਿਕ ਦੇ ਪੱਖ ਉੱਤੇ ਬਰੈਂਪਟਨ ਵਿੱਚ ਅੱਜ ਐਮਪੀ ਸਹੋਤਾ ਨੇ ਐਲਾਨ ਕੀਤਾ ਕਿ ਪ੍ਰਦੂਸ਼ਣ ਘਟਾਉਣ ਲਈ ਤੇ ਟਰਾਂਜ਼ਿਸ਼ਨ ਨੂੰ ਬਿਹਤਰ ਬਣਾਉਣ ਲਈ ਐਫਸੀਐਮ ਦੇ ਗ੍ਰੀਨ ਮਿਊਂਸਪਲ ਫੰਡ (ਜੀਐਮਐਫ) ਰਾਹੀਂ 253,000 ਡਾਲਰ ਨਿਵੇਸ਼ ਕੀਤੇ ਜਾ ਰਹੇ ਹਨ।

ਐਮਪੀ ਸਹੋਤਾ ਨੇ ਆਖਿਆ ਕਿ 2015 ਵਿੱਚ ਉਨ੍ਹਾਂ ਦੀ ਚੋਣ ਤੋਂ ਬਾਅਦ ਉਨ੍ਹਾਂ ਵੇਖਿਆ ਕਿ ਕੈਨੇਡੀਅਨ ਅਰਬਨ ਰਿਸਰਚ ਐਂਡ ਇਨੋਵੇਸ਼ਨ ਕੌਂਸੋਰਟੀਅਮ (ਸੀਯੂਟੀਆਰਆਈਸੀ) ਵੱਲੋਂ ਟਰਾਂਜ਼ਿਟ ਨਾਲ ਜੁੜੇ ਪ੍ਰਦੂਸ਼ਣ ਨੂੰ ਘਟਾਉਣ ਲਈ ਕਿੰਨੀ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਇਹ ਫੰਡ ਤਾਂ ਅਜੇ ਸ਼ੁਰੂਆਤ ਹਨ, ਆਉਣ ਵਾਲੇ ਸਮੇਂ ਵਿੱਚ ਇਸ ਤਰ੍ਹਾਂ ਦੇ ਹੋਰ ਫੰਡ ਸਾਨੂੰ ਹਾਸਲ ਹੋਣਗੇ। ਸੀਯੂਟੀਆਰਆਈਸੀ ਨਾਲ ਭਾਈਵਾਲੀ ਵਿੱਚ ਅਸੀਂ ਆਪਣੇ ਭਵਿੱਖ ਨੂੰ ਸੰਵਾਰਾਂਗੇ, ਪ੍ਰਦੂਸ਼ਣ ਘਟਾਂਵਾਂਗੇ ਤੇ ਕਲੀਨ ਟਰਾਂਸਪੋਰਟੇਸ਼ਨ ਇਨਫਰਾਸਟ੍ਰਕਚਰ ਵਿੱਚ ਨਿਵੇਸ਼ ਕਰਾਂਗੇ। ਇਸ ਨਾਲ ਅਸੀਂ ਪ੍ਰਦੂਸ਼ਣ ਨੂੰ ਮੁਕੰਮਲ ਤੌਰ ਉੱਤੇ ਖ਼ਤਮ ਕਰਨ ਦੇ ਆਪਣੇ ਟੀਚੇ ਵੱਲ ਵੀ ਵਧਾਂਗੇ।

ਜ਼ਿਕਰਯੋਗ ਹੈ ਕਿ ਸੀਯੂਟੀਆਰਆਈਸੀ ਨੂੰ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਘੱਟ ਕਰਨ ਲਈ ਤੇ ਭਵਿੱਖ ਵਿੱਚ ਪਬਲਿਕ ਟਰਾਂਜ਼ਿਟ ਦੀ ਮੰਗ ਨੂੰ ਵੇਖਦਿਆਂ ਹੋਇਆਂ ਸਿਟੀ ਆਫ ਬਰੈਂਪਟਨ ਦੀ ਮਦਦ ਲਈ 175,000 ਡਾਲਰ ਹਾਸਲ ਹੋਏ ਹਨ।

## ਬਲੂ ਓਕ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ ਕੈਨੇਡਾ ਡੇ ਸਮਾਗਮ 10 ਜੁਲਾਈ ਨੂੰ

ਬਲੂ ਓਕ ਸੀਨੀਅਰਜ਼ ਕਲੱਬ ਵਲੋਂ ਕੈਨੇਡਾ ਡੇ ਮਿਤੀ 10 ਜੁਲਾਈ ਦਿਨ ਐਤਵਾਰ ਨੂੰ ਸ਼ਾਮ 4 ਵਜੇ ਤੋਂ 7 ਵਜੇ ਤੱਕ ਬਲੂ ਓਕ ਪਾਰਕ ਵਿਚ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ। ਸਾਰੇ ਮੈਂਬਰਾਂ ਅਤੇ ਸਹਿਯੋਗੀ ਕਲੱਬਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਮੇਂ ਸਿਰ ਪਹੁੰਚ ਕੇ ਧੰਨਵਾਦੀ ਬਣਾਓ। ਚਾਹ-ਮਠਿਆਈ ਦਾ ਪੂਰਾ ਪ੍ਰਬੰਧ ਹੈ। ਹੋਰ ਜਾਣਕਾਰੀ ਲਈ ਸੋਹਣ ਸਿੰਘ ਤੂਰ ਨਾਲ 905-216-1406 ਅਤੇ ਮਹਿੰਦਰ ਸਿੰਘ ਤੂਰ ਨਾਲ 905-874-4633 ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।





ਟੋਰਾਂਟੋ ਨਿਵਾਸੀ ਸੁਲੱਖਣ ਸਿੰਘ ਅਟਵਾਲ ਵਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਵਿਆਹ ਦੀ ਖੁਸ਼ੀ ਵਿਚ ਆਪਣੇ ਗਰੁੱਪ ਦੇ ਮੈਂਬਰਾਂ ਨੂੰ ਪਾਰਟੀ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਤੇ ਉਨ੍ਹਾਂ ਦੇ ਸਾਰੇ ਪਰਿਵਾਰ ਨੂੰ ਮੁਬਾਰਕਬਾਦ ਦਿੱਤੀ।

# ਓਨਟਾਰੀਓ ਵਿੱਚ ਇੱਕ ਵਾਰੀ ਫਿਰ ਪੈਰ ਪਸਾਰਨ ਲੱਗਿਆ ਕੋਵਿਡ-19



ਓਨਟਾਰੀਓ, 7 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਵਿੱਚ ਗਰਮੀਆਂ ਦੇ ਮੌਸਮ ਵਿੱਚ ਇੱਕ ਵਾਰੀ ਫਿਰ ਕੋਵਿਡ-19 ਦੀ ਵੇਵ ਸਿਰ ਚੁੱਕ ਰਹੀ ਹੈ। ਇਸ ਦਾ ਖੁਲਾਸਾ ਹਸਪਤਾਲ ਵਿੱਚ ਭਰਤੀ ਹੋਣ ਵਾਲੇ ਲੋਕਾਂ ਦੀ ਗਿਣਤੀ ਤੇ ਵੇਸਟਵਾਟਰ ਡਾਟੇ ਤੋਂ ਚੱਲਿਆ ਹੈ। ਇਹ ਖੁਲਾਸਾ ਇਨਫੈਕਸ਼ੀਅਸ ਡਜ਼ੀਜ਼ ਮਾਹਿਰਾਂ ਵੱਲੋਂ ਕੀਤਾ ਗਿਆ।

ਟੋਰਾਂਟੋ ਦੇ ਇਨਫੈਕਸ਼ੀਅਸ ਡਜ਼ੀਜ਼ ਮਾਹਿਰ ਡਾ. ਇਸਾਕ ਬੋਗੋਚ ਨੇ ਆਖਿਆ ਕਿ ਇੱਕ ਵਾਰੀ ਫਿਰ ਕੋਵਿਡ-19 ਲਹਿਰ ਸਾਡੇ ਦਸਤਕ ਦੇ ਚੁੱਕੀ ਹੈ। ਅਜੇ ਇਹ ਨਹੀਂ ਆਖਿਆ ਜਾ ਸਕਦਾ ਕਿ ਇਹ ਕਿੰਨੀ ਵੱਡੀ ਹੈ ਪਰ ਇਹ ਹੈ ਜ਼ਰੂਰ। ਬੋਗੋਚ ਨੇ ਆਖਿਆ ਕਿ ਕੋਵਿਡ-19 ਸਬੰਧੀ ਵੇਸਟਵਾਟਰ ਡਾਟਾ ਹੀ ਇਹ ਅੰਦਾਜ਼ਾ ਲਾਏ ਜਾਣ ਦਾ ਮੁੱਖ ਇੰਡੀਕੇਟਰ ਹੈ। ਜੂਨ ਭਰ ਵਿੱਚ ਇਹ ਡਾਟਾ ਨਕਾਰ-ਾਤਮਕ ਤੌਰ ਉੱਤੇ ਉੱਪਰ ਵੱਲ ਵੱਧਦਾ ਰਿਹਾ।

ਉਨ੍ਹਾਂ ਆਖਿਆ ਕਿ ਇਸ ਤੋਂ ਇਲਾਵਾ ਕੋਵਿਡ-19 ਪਾਜ਼ੀਟਿਵ ਆਉਣ ਵਾਲਿਆਂ ਦੀ ਗਿਣਤੀ ਵਿੱਚ ਵਾਧੇ ਦਾ ਪਤਾ ਪਿਛਲੇ ਸੱਤ ਦਿਨਾਂ ਵਿੱਚ ਪੀਸੀਆਰ ਟੈਸਟਿੰਗ ਦੇ ਆਏ ਨਤੀਜਿਆਂ ਤੋਂ ਵੀ ਲਾਇਆ ਜਾ ਸਕਦਾ ਹੈ। ਹਫਤਾ ਦਰ ਹਫਤਾ ਕੀਤੀ ਗਈ ਇਸ ਟੈਸਟਿੰਗ ਦੇ ਨ਼ਤੀਜਿਆਂ ਵਿੱਚ 34 ਫੀ ਸਦੀ ਵਾਧਾ ਦਰਜ ਕੀਤਾ ਗਿਆ ਹੈ। ਬੋਗੋਚ ਨੇ ਆਖਿਆ ਕਿ ਭਾਵੇਂ ਅਸੀਂ ਵੱਡੀ ਪੱਧਰ ਉੱਤੇ ਟੈਸਟ ਨਹੀਂ ਕਰ ਰਹੇ ਪਰ ਅਸੀਂ ਲਗਾਤਾਰ ਟੈਸਟ ਜ਼ਰੂਰ ਕਰ ਰਹੇ ਹਾਂ। ਸਰਕਾਰ ਕੋਲੋਂ ਹਾਸਲ ਹੋਏ ਡਾਟਾ ਤੋਂ ਸਾਹਮਣੇ ਆਇਆ ਹੈ ਕਿ ਇੱਕ ਹਫਤੇ ਪਹਿਲਾਂ ਨਾਲੋਂ ਇਸ ਹਫਤੇ ਓਨਟਾਰੀਓ ਦੇ ਹਸਪਤਾਲਾਂ ਵਿੱਚ ਦਾਖਲ ਹੋਏ ਤੇ ਕੋਵਿਡ ਪਾਜ਼ੀਟਿਵ ਪਾਏ ਗਏ ਮਰੀਜ਼ਾਂ ਦੀ ਗਿਣਤੀ 585 ਸੀ। ਇਸ ਲਈ ਓਮਾਈਕ੍ਰੌਨ ਦੇ ਹੀ ਰੂਪ ਬੀਏ.5 ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ।

# ਸ਼ਿਕਾਗੋ ਵਿੱਚ ਇੰਡੀਪੈਂਡੇਸ ਡੇਅ ਪਰੇਡ ਮੌਕੇ ਸ਼ੂਟਿੰਗ ਕਰਨ ਵਾਲਾ ਮਸ਼ਕੂਕ ਹਿਰਾਸਤ 'ਚ



ਹਾਈਲੈਂਡ ਪਾਰਕ, ਇਲੀਨੌਇ, 7 ਜੁਲਾਈ (ਪੋਸਟ ਬਿਊਰੋ) : ਸਬਅਰਬਨ ਸ਼ਿਕਾਗੋ ਵਿੱਚ ਇੰਡੀਪੈਂਡੈਂਸ ਡੇਅ ਪਰੇਡ ਦੌਰਾਨ ਸ਼ੂਟਿੰਗ ਕਰਨ ਦੇ ਮਾਮਲੇ ਵਿੱਚ ਪੁਲਿਸ ਨੇ ਇੱਕ 22 ਸਾਲਾ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਹੈ। ਇਸ ਘਟਨਾ ਵਿੱਚ ਛੇ ਲੋਕ ਮਾਰੇ ਗਏ ਜਦਕਿ 30 ਹੋਰ ਜ਼ਖ਼ਮੀ ਹੋ ਗਏ।

ਇਸ ਵਿਅਕਤੀ ਨੂੰ ਫੜ੍ਹਨ ਲਈ ਪੁਲਿਸ ਨੂੰ ਕਈ ਘੰਟਿਆਂ ਦੀ ਮਸ਼ੱਕਤ ਕਰਨੀ ਪਈ। ਹਾਈਲੈਂਡ ਪਾਰਕ ਪੁਲਿਸ ਚੀਫ ਲੋਊ ਜੋਗਮੈਨ ਨੇ ਦੱਸਿਆ ਕਿ ਸੋਮਵਾਰ ਸ਼ਾਮ ਨੂੰ ਸ਼ੂਟਿੰਗ ਵਾਲੀ ਥਾਂ ਤੋਂ ਪੰਜ ਮੀਲ ਉੱਤਰ ਵੱਲ ਡਰਾਈਵ ਕਰ ਰਹੇ ਰੌਬਰਟ ਈ• ਕ੍ਰਾਈਮੋ ਦਾ ਪੁਲਿਸ ਅਧਿਕਾਰੀਆਂ ਨੇ ਪਿੱਛਾ ਕੀਤਾ ਤੇ ਫਿਰ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।ਪੁਲਿਸ ਵੱਲੋਂ ਕ੍ਰਾਈਮੋ ਨੂੰ ਇਸ ਘਟਨਾਕ੍ਰਮ ਦਾ ਮਸ਼ਕੂਕ ਦੱਸਣ ਤੋਂ ਹਾਲ ਦੀ ਘੜੀ ਇਨਕਾਰ ਕੀਤਾ ਗਿਆ ਹੈ ਪਰ ਉਨ੍ਹਾਂ ਆਖਿਆ ਕਿ ਉਸ ਉੱਤੇ ਉਨ੍ਹਾਂ ਨੂੰ ਪੂਰਾ ਪੂਰਾ ਸ਼ੱਕ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਸ ਸਬੰਧੀ ਜਾਣਕਾਰੀ ਜਨਤਕ ਕਰਨਾ ਇੱਕ ਗੰਭੀਰ ਕਦਮ ਹੈ।

4 ਜੁਲਾਈ ਨੂੰ ਵਾਪਰੀ ਇਸ ਸ਼ੂਟਿੰਗ ਦੀ ਘਟਨਾ ਨੇ ਇੱਕ ਵਾਰੀ ਫਿਰ ਅਮੈਰੀਕਨਜ਼ ਦੀ ਜ਼ਿੰਦਗੀ ਵਿੱਚ ਖਲਲ ਪਾ ਦਿੱਤੀ ਹੈ। ਅਮੈਰੀਕਨਜ, ਸਕੂਲ, ਚਰਚ, ਗਰੌਸਰੀ ਸਟੋਰਜ਼ ਤੇ ਹੁਣ ਕਮਿਊਨਿਟੀ ਪਰੇਡ ਪਿਛਲੇ ਕੁੱਝ ਮਹੀਨਿਆਂ ਤੋਂ ਇਸ ਤਰ੍ਹਾਂ ਦੇ ਗੋਲੀਕਾਂਡ ਬਰਦਾਸ਼ਤ ਕਰ ਚੁੱਕੇ ਹਨ।

ਸ਼ੂਟਰ ਨੇ ਸਵੇਰੇ 10:15 ਵਜੇ ਇਸ ਸ਼ੂਟਿੰਗ ਨੂੰ ਅੰਜਾਮ ਦਿੱਤਾ। ਇਹ ਸ਼ੂਟਿੰਗ ਉਸ ਪਰੇਡ ਰੂਟ ਉੱਤੇ ਹੋਈ ਜਿੱਥੇ ਬਹੁਤ ਸਾਰੇ ਰੈਜ਼ੀਡੈਂਟਸ ਆਜ਼ਾਦੀ ਦਿਵਸ ਦੇ ਜਸ਼ਨਾਂ ਲਈ ਇੱਕਠੇ ਹੋਏ ਸਨ। ਇਸ ਦੌਰਾਨ ਚੱਲੀਆਂ ਗੋਲੀਆਂ ਕਾਰਨ ਸੈਂਕੜੇ ਲੋਕਾਂ ਵਿੱਚ ਭਗਦੜ ਮਚ ਗਈ। ਕਈ ਗੋਲੀਆਂ ਲੱਗਣ ਕਾਰਨ ਲਹੂ ਲੁਹਾਨ ਸਨ। ਇਸ ਹਿੰਸਕ ਵਾਰਦਾਤ ਨੇ ਇੱਕ ਵਾਰੀ ਸਾਰੇ ਜਸ਼ਨਾਂ ਵਿੱਚ ਅੜਿੱਕਾ ਡਾਹ ਦਿੱਤਾ।ਪੁਲਿਸ ਨੇ ਦੱਸਿਆ ਕਿ ਸ਼ੂਟਰ ਨੇ ਕਮਰਸ਼ੀਅਲ ਬਿਲਡਿੰਗ ਦੇ ਸਿਖਰ ਤੋਂ ਗੋਲੀਆਂ ਚਲਾਈਆਂ, ਜਿੱਥੋਂ ਉਹ ਨਜ਼ਰ ਆਉਣਾ ਬੜਾ ਮੁਸ਼ਕਲ ਸੀ। ਪੁਲਿਸ ਨੂੰ ਮੌਕੇ ਤੋਂ ਰਾਈਫਲ ਮਿਲ ਗਈ ਹੈ ਤੇ ਇਸ ਦੇ ਨਾਲ ਹੀ ਬਿਲਡਿੰਗ ਦੇ ਨਾਲ ਲੱਗੀ ਪੌੜੀ ਵੀ ਪੁਲਿਸ ਨੂੰ ਲੱਭ ਗਈ ਹੈ।

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਆਖਿਆ ਕਿ ਉਹ ਤੇ ਫਰਸਟ ਲੇਡੀ ਜਿੱਲ ਬਾਇਡਨ ਇਸ ਤਰ੍ਹਾਂ ਦੀ ਖਾਹਮਖਾਹ ਦੀ ਗੰਨ ਵਾਇਲੰਸ ਤੋਂ ਬਹੁਤ ਹੈਰਾਨ ਹਨ ਤੇ ਇੰਡੀਪੈਂਡੇਸ ਡੇਅ ਉੱਤੇ ਇਸ ਘਟਨਾ ਕਾਰਨ ਅਮੈਰੀਕਨ ਕਮਿਊਨਿਟੀ ਨੂੰ ਵੱਡਾ ਸਦਮਾ ਲੱਗਿਆ ਹੈ।

# ਪੀ.ਐੱਸ.ਬੀ. ਸੀਨੀਅਰਜ਼ ਕਲੱਬ ਨੇ 'ਕੈਨੇਡਾ-ਡੇਅ' ਗੋਰ ਮੀਡੋਜ਼ ਕਮਿਊਨਿਟੀ ਸੈਂਟਰ ਵਿਖੇ ਮਨਾਇਆ

## ਐੱਮ.ਪੀ, ਐੱਮ.ਪੀ.ਪੀ.,ਰ਼ੀਜਨਲ ਕਾਂਉਸਲਰ, ਸਿਟੀ ਕਾਊਂਸਲਰ, ਸਿਟੀ ਕਾਉਂਸਲਰ, ਸਕੂਲ ਟਰੱਸਟੀ ਤੇ ਕਈ ਹੋਰਨਾਂ ਨੇ ਕੀਤੀ ਸ਼ਿਰਕਤ











ਮਨੋਰੰਜਨ ਤੇ ਖ਼ੁਸ਼ੀਆਂ ਨਾਲ ਭਰਪੂਰ ਪੀ.ਐੱਸ.ਬੀ. ਸੀਨੀਅਰਜ਼ ਕਲੱਬ ਦਾ 'ਕੈਨੇਡਾ-ਡੇਅ ਨਾਲ ਸਬੰਧਿਤ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

ਬਰੈਂਪਟਨ, (ਡਾ. ਝੰਡ) - ਕੈਨੇਡਾ ਦੇ ਗੌਰਵਮਈ ਇਤਿਹਾਸ ਦਾ ਪ੍ਰਤੀਕ 'ਕੈਨੇਡਾ ਡੇਅ' ਪਹਿਲੀ ਜੁਲਾਈ ਨੂੰ ਦੇਸ਼-ਭਰ ਵਿਚ ਸਾਰੀਆਂ ਕਮਿਊਨਿਟੀਆਂ ਵੱਲੋਂ ਬੜੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਵੱਖ-ਵੱਖ ਸੰਸਥਾਵਾਂ ਵੱਲੋਂ ਕਈ ਪ੍ਰਕਾਰ ਦੇ ਉਲੀਕੇ ਗਏ ਪ੍ਰੋਗਰਾਮਾਂ ਨੂੰ ਇਸ ਦਿਨ ਸਰਅੰਜਾਮ ਦਿੱਤਾ ਜਾਂਦਾ ਹੈ। ਏਸੇ ਕੜੀ ਵਿਚ ਪੰਜਾਬ ਐਂਡ ਸਿੰਧ ਬੈਂਕ ਦੇ ਸਾਬਕਾ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਬਰੈਂਪਟਨ ਵਿਚ ਪਿਛਲੇ ਪੰਜ-ਛੇ ਸਾਲਾਂ ਤੋਂ ਵਿਚਰ ਰਹੀ ਸੰਸਥਾ 'ਪੀ.ਐੱਸ.ਬੀ. ਸੀਨੀਅਰਜ਼ ਕਲੱਬ' ਵੱਲੋਂ ਲੰਘੇ ਸ਼ੁੱਕਰਵਾਰ ਪਹਿਲੀ ਜੁਲਾਈ ਨੂੰ ਇਹ ਇਤਿਹਾਸਕ ਦਿਨ ਗੋਰ-ਮੀਡੋਜ਼ ਕਮਿਊਨਿਟੀ ਸੈਂਟਰ ਦੇ ਹਾਲ ਨੰਬਰ 2 ਵਿਚ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਵਿਚ ਹੋਏ ਰੰਗਾ-ਰੰਗ ਪ੍ਰੋਗਰਾਮ ਦੌਰਾਨ ਬਰੈਂਪਟਨ ਦੇ ਕਈ ਪਾਰਲੀਮੈਂਟ ਮੈਂਬਰ, ਪ੍ਰੋਵਿੰਸ਼ੀਅਲ ਪਾਰਲੀਮੈਂਟ ਮੈਂਬਰ, ਬਰੈਂਪਟਨ ਸਿਟੀ ਕਾਊਂਸਲ ਦੇ ਰੀਜਨਲ ਕਾਊਂਸਲਰ, ਸਿਟੀ ਕਾਊਂਸਲਰ, ਸਕੂਲ-ਟਰੱਸਟੀ ਤੇ ਸਮਾਜ ਦੇ ਕਈ ਵਰਗਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ ਅਤੇ ਹਾਜ਼ਰੀਨ ਨਾਲ 'ਕੈਨੇਡਾ ਡੇਅ' ਦੀਆਂ ਮੁਬਾਰਕਾਂ ਸਾਂਝੀਆਂ ਦਿੱਤੀਆਂ, ਅਤੇ ਉਨ੍ਹਾਂ ਨਾਲ ਇਸ ਦਿਨ ਦੀ ਮਹਾਨਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਪੀ.ਐੱਸ.ਬੀ. ਸੀਨੀਅਰਜ਼ ਕਲੱਬ ਦੇ ਮੈਂਬਰ ਸਵੇਰੇ ਸਾਢੇ ਦਸ ਵਜੇ ਪਰਿਵਾਰਾਂ ਸਮੇਤ ਗੋਰ ਮੀਡੋਜ਼ ਕਮਿਊਨਿਟੀ ਸੈਂਟਰ ਦੇ ਹਾਲ ਵਿਚ ਆਉਣੇ ਆਰੰਭ ਹੋ ਗਏ ਅਤੇ ਸਨੈਕਸ ਤੇ ਚਾਹ-ਪਾਣੀ ਛਕਣ ਤੋਂ ਬਾਅਦ ਗਿਆਰਾਂ ਵਜੇ ਦੇ ਕਰੀਬ ਕਲੱਬ ਦੇ ਪ੍ਰਧਾਨ ਗੁਰਚਰਨ ਸਿੰਘ ਖੱਖ ਨੇ ਸਰੋਤਿਆਂ ਨੂੰ ਕੈਨੇਡਾ ਡੇਅ ਦੀਆਂ ਮੁਬਾਰਕਾਂ ਦਿੰਦਿਆਂ ਪ੍ਰੋਗਰਾਮ ਦੀ ਸ਼ੁਰੂਆਤ ਗਲੋਰੀ ਗਲਿਆਨੀ ਵੱਲੋਂ ਗਾਏ ਕੈਨੇਡਾ ਦੇ ਰਾਸ਼ਟਰੀ-ਗੀਤ 'ਓ ਕੈਨੇਡਾ' ਨਾਲ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਕੈਨੇਡਾ ਦੇ ਚਾਰ ਵੱਡੇ ਪ੍ਰੋਵਿੰਸਾਂ ਨੋਵਾ ਸਕੋਸ਼ੀਆ, ਬਰੱਨਜ਼ਵਿਕ, ਕਿਊਬਿਕ ਤੇ ਓਨਟਾਰੀਓ ਨੂੰ ਮਿਲਾ ਕੇ ਪਹਿਲਾਂ 'ਡੋਮਿਨੀਅਮ ਆਫ਼ ਕੈਨੇਡਾ' ਅਤੇ ਫਿਰ 'ਕਨਫ਼ੈੱਡਰੇਸ਼ਨ ਆਫ਼ ਡੋਮਿਨੀਅਮ' ਤੋਂ 'ਕੈਨੇਡਾ ਦੇਸ਼' ਬਣਨ ਦੇ ਲੰਮੇਂ ਸਫ਼ਰ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਨ ਤੋਂ ਬਾਅਦ ਗਲੋਰੀ ਨੂੰ ਗੀਤ ਪੇਸ਼ ਕਰਨ ਲਈ ਕਿਹਾ ਗਿਆ ਜਿਸ ਨੇ ਆਪਣੀ ਸੁਰੀਲੀ ਆਵਾਜ਼ ਵਿਚ ਪੰਜਾਬੀ ਤੇ ਹਿੰਦੀ ਦੇ ਤਿੰਨ ਗੀਤ ਸੁਣਾ ਕੇ ਸਰੋਤਿਆਂ ਦੀ ਖ਼ੂਬ ਵਾਹ-ਵਾਹ ਖੱਟੀ।

ਇਸ ਦੌਰਾਨ ਸਮਾਰੋਹ ਦੇ ਮਹਿਮਾਨ ਬੁਲਾਰੇ ਬਰੈਂਪਟਨ ਸਿਟੀ ਕਾਊਂਸਲ ਦੇ ਵਾਰਡ ਨੰਬਰ 9-10 ਦੇ ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ, ਸਿਟੀ ਕਾਂਉਂਸਲਰ ਹਰਕੀਰਤ ਸਿੰਘ ਅਤੇ ਸਕੂਲ-ਟਰੱਸਟੀ ਬਲਬੀਰ ਸੋਹੀ ਵੀ ਸਮਾਗ਼ਮ ਵਿਚ ਪਹੁੰਚ ਗਏ। ਗੁਰਪ੍ਰੀਤ ਢਿੱਲੋਂ ਤੇ ਹਰਕੀਰਤ ਸਿੰਘ ਨੇ ਆਪਣੇ ਸੰਬੋਧਨਾਂ ਵਿਚ ਪੀ.ਐੱਸ.ਬੀ. ਦੇ ਮੈਂਬਰਾਂ ਤੇ ਹੋਰ ਸਰੋਤਿਆਂ ਨੂੰ ਕੈਨੇਡਾ-ਡੇਅ ਦੀਆਂ ਵਧਾਈਆਂ ਦਿੱਤੀਆਂ ਅਤੇ ਸਿਟੀ ਕਾਊਂਸਲ ਵੱਲੋਂ ਬਰੈਂਪਟਨ ਵਿਚ ਕੀਤੇ ਜਾ ਰਹੇ ਉਸਾਰੂ ਕੰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਬਰੈਂਪਟਨ ਵਿਚ ਵੱਖ-ਵੱਖ ਕਮਿਊਨਿਟੀਆਂ ਦੇ ਲੋਕ ਮਿਲ਼-ਜੁਲ ਕੇ ਬੜੇ ਪ੍ਰੇਮ-ਪਿਆਰ ਨਾਲ ਰਹਿ ਰਹੇ ਹਨ ਅਤੇ ਇੱਥੇ ਬੜੀ ਤੇਜ਼ੀ ਨਾਲ ਕੈਨੇਡਾ ਦੇ ਸਾਂਝੇ ਸੱਭਿਆਚਾਰ ਦੀ ਬਣਤਰ ਬਣ ਰਹੀ ਹੈ। ਉਨ੍ਹਾਂ ਵੱਲੋਂ ਪੀ.ਐੱਸ.ਬੀ. ਦੇ ਅਹੁਦੇਦਾਰਾਂ ਨੂੰ ਬਰੈਂਪਟਨ ਸਿਟੀ ਦੇ ਯਾਦਗਾਰੀ-ਚਿੰਨ੍ਹ ਵੀ ਭੇਂਟ ਕੀਤੇ ਗਏ। ਕੈਨੇਡਾ ਦੀਆਂ ਖ਼ੂਬਸੂਰਤ ਕਦਰਾਂ-ਕੀਮਤਾਂ ਦੀ ਗੱਲ ਕਰਦਿਆਂ ਸਕੂਲ-ਟਰੱਸਟੀ ਬਲਬੀਰ ਸੋਹੀ ਨੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਇਨ੍ਹਾਂ ਦੇ ਨਾਲ ਜੋੜਨ ਦੀ ਗੱਲ ਕੀਤੀ। ਪੀੜ੍ਹੀਆਂ ਵਿਚ ਤੇਜ਼ੀ ਨਾਲ ਵੱਧ ਰਹੇ ਫ਼ਾਸਲੇ ਨੂੰ ਘਟਾਉਣ ਲਈ ਉਨ੍ਹਾਂ ਸੀਨੀਅਰਾਂ ਨੂੰ ਆਪਣੇ ਪੋਤੇ-ਪੋਤੀਆਂ/ਦੋਹਤੇ-ਦੋਹਤੀਆਂ ਨਾਲ ਦੋਸਤਾਨਾ ਸਬੰਧ ਬਨਾਉਣ ਲਈ ਕਿਹਾ। ਇਸ ਦੇ ਨਾਲ ਹੀ ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਡਰੱਗਜ਼ ਦੇ ਕੋਹੜ ਤੋਂ ਕੋਹਾਂ ਦੂਰ ਰੱਖਣ ਲਈ ਬੇਨਤੀ ਵੀ ਕੀਤੀ।

ਇਸ ਤੋਂ ਬਾਅਦ ਵਾਰੀ ਆਈ 'ਟੋਰਾਂਟੋ ਮਿਊਜ਼ੀਕਲ ਗਰੁੱਪ' ਦੀ, ਜਿਸ ਦੇ ਕਲਾਕਾਰਾਂ ਸੁਬਾ ਕ੍ਰਿਸ਼ਨਨ, ਰਾਜੀਵ ਸੂਦ ਤੇ ਸਾਦਿਕ ਮਹਿਮੂਦ ਨੇ ਆਪਣੀਆਂ ਖ਼ੂਬਸੂਰਤ ਆਵਾਜ਼ਾਂ ਵਿਚ ਵੀਹਵੀ ਸਦੀ ਦੇ ਸੱਠਵਿਆਂ ਤੇ ਸੱਤਰਵਿਆਂ ਦੀਆਂ ਫ਼ਿਲਮਾਂ ਦੇ ਗੀਤ ਗਾ ਕੇ ਹਿੰਦੀ ਫ਼ਿਲਮਾਂ ਦੇ 'ਸੁਨਹਿਰੀ ਯੁਗ' ਦੀ ਯਾਦ ਤਾਜ਼ਾ ਕਰਵਾ ਦਿੱਤੀ। ਰਾਜੀਵ ਸੂਦ ਨੇ ਗਾਇਕ ਸਵ. ਹੇਮੰਤ ਕੁਮਾਰ ਦੀ ਆਵਾਜ਼ ਨਾਲ ਬਿਲਕੁਲ ਮੇਲ ਖਾਂਦੀ ਆਪਣੀ ਆਵਾਜ਼ ਵਿਚ "ਯੇ ਚਾਂਦਨੀ ਰਾਤ ਔਰ ਯੇ ਸਮਾਂ, ਸੁਨ ਲੇ ਦਿਲ ਕੀ ਦਾਸਤਾਂ" ਅਤੇ ਸਵ. ਮੰਨਾ ਡੇ ਦੇ ਗਾਏ ਹੋਏ ਫ਼ਿਲਮ 'ਵਕਤ' ਦੇ ਸਦਾ-ਬਹਾਰ ਗੀਤ "ਐ ਮੇਰੀ ਜ਼ੋਹਰੇ-ਜਬੀਂ, ਤੁਝੇ ਮਾਲੂਮ ਨਹੀਂ, ਤੂ ਅਬ ਤੱਕ ਹੈ ਹਸੀਂ ਔਰ ਮੈਂ ਜਵਾਂ" ਅਤੇ ਹੋਰ ਕਈ ਗੀਤਾਂ ਨਾਲ ਨਾਲ ਖ਼ੂਬ ਰੰਗ ਬੰਨ੍ਹਿਆਂ। ਏਸੇ ਤਰ੍ਹਾਂ ਦੂਸਰੇ ਗਾਇਕ ਸਾਦਿਕ ਮਹਿਮੂਦ ਨੇ ਸਵ. ਮੁਹੰਮਦ ਰਫ਼ੀ ਸਾਹਿਬ ਦੇ ਗਾਏ ਹੋਏ ਕਈ ਗੀਤ ਗਾਏ ਅਤੇ ਗਾਇਕਾ ਸੁਬਾ ਕ੍ਰਿਸ਼ਨਨ ਜਿਸ ਦੀ ਆਵਾਜ਼ ਵਿਚੋਂ ਲਤਾ ਮੰਗੇਸ਼ਕਰ ਦੀ ਆਵਾਜ਼ ਦੀ ਝਲਕ ਪੈਂਦੀ ਸੀ, ਨੇ ਉਨ੍ਹਾਂ ਦੇ ਕਈ ਹਿੱਟ ਗੀਤ ਸੁਣਾਏ। ਦੋਹਾਂ ਗਾਇਕਾਂ ਨਾਲ ਮਿਲ ਕੇ ਉਸ ਨੇ ਦੋ-ਤਿੰਨ ਦੋਗਾਣੇ ਵੀ ਪੇਸ਼ ਕੀਤੇ ਜਿਨ੍ਹਾਂ ਵਿਚ "ਆਜਕੱਲ੍ਹ ਤੇਰੇ ਮੇਰੇ ਪਿਆਰ ਕੇ ਚਰਚੇ ਹਰ ਜ਼ੁਬਾਨ ਪਰ" ਉੱਪਰ ਤਾਂ ਸਰੋਤਿਆਂ ਵਿੱਚੋਂ ਕਈਆਂ ਨੇ ਡਾਂਸ ਕਰਨਾ ਵੀ ਸ਼ੁਰੂ ਕਰ ਕੀਤਾ।







ਮਨੋਰੰਜਨ ਦੇ ਚੱਲ ਰਹੇ ਇਸ ਪ੍ਰੋਗਰਾਮ ਦੌਰਾਨ ਬਰੈਂਪਟਨ ਈਸਟ ਦੇ ਮੈਂਬਰ ਪਾਰਲੀਮੈਂਟ ਮਨਿੰਦਰ ਸਿੱਧੂ ਅਤੇ ਬਰੈਂਪਟਨ ਵੈੱਸਟ ਦੇ ਐੱਮ.ਪੀ.ਪੀ. ਅਮਰਜੋਤ ਸੰਧੂ ਨੇ ਵੀ ਸਰੋਤਿਆਂ ਨਾਲ ਕੈਨੇਡਾ-ਡੇਅ ਦੀਆਂ ਵਧਾਈਆਂ ਸਾਂਝੀਆਂ ਕੀਤੀਆਂ ਅਤੇ ਆਪਣੇ ਵੱਲੋਂ ਹੁਣ ਤੀਕ ਕੀਤੇ ਗਏ ਕਾਰਜਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਪੀ.ਐੱਸ.ਬੀ. ਸੀਨੀਅਰਜ਼ ਕਲੱਬ ਦੇ ਅਹੁਦਦਾਰਾਂ ਨੂੰ ਯਾਦਗਾਰੀ-ਚਿੰਨ੍ਹ ਵੀ ਭੇਂਟ ਕੀਤੇ। ਚੱਲ ਰਹੇ ਪ੍ਰੋਗਰਾਮ ਦੌਰਾਨ ਗਾਇਕਾ ਮੀਤਾ ਖੰਨਾ ਨੇ ਦੋ ਗੀਤ ਸੁਣਾਏ ਗਏ ਅਤੇ ਪੀ.ਐੱਸ.ਬੀ. ਕਲੱਬ ਦੇ ਮੈਂਬਰਾਂ ਨਰਿੰਦਰਪਾਲ ਸਿੰਘ ਤੇ ਗੁਰਜੀਤ ਸਿੰਘ ਬਰਾੜ ਨੇ ਵੀ ਗੀਤ ਪੇਸ਼ ਕੀਤੇ। ਮਲੂਕ ਸਿੰਘ ਕਾਹਲੋਂ, ਸੁਖਦੇਵ ਸਿੰਘ ਬੇਦੀ ਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਕ ਛੋਟੀ ਜਿਹੀ ਬੱਚੀ ਨੇ ਇਕ ਇੰਗਲਿਸ਼-ਸੌਂਗ ਵੀ ਗਾਇਆ। ਪ੍ਰੋਗਰਾਮ ਦੇ ਅਖ਼ੀਰ ਵੱਲ ਵੱਧਦਿਆਂ ਮੰਚ-ਸੰਚਾਲਕ ਗੁਰਚਰਨ ਸਿੰਘ ਖੱਖ ਵੱਲੋਂ ਸਮਾਗ਼ਮ ਦੇ ਸਾਰੇ ਬੁਲਾਰਿਆਂ ਤੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਉਪਰੰਤ, ਸਾਰਿਆਂ ਨੇ ਮਿਲ ਕੇ ਸਵਾਦੀ ਖਾਣੇ ਦਾ ਅਨੰਦ ਮਾਣਿਆਂ ਅਤੇ ਇਸ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ। ਇਸ ਤਰ੍ਹਾਂ ਮਨੋਰੰਜਨ ਤੇ ਖ਼ੁਸ਼ੀਆਂ ਨਾਲ ਭਰਪੂਰ ਪੀ.ਐੱਸ.ਬੀ. ਸੀਨੀਅਰਜ਼ ਕਲੱਬ ਦਾ 'ਕੈਨੇਡਾ-ਡੇਅ ਨਾਲ ਸਬੰਧਿਤ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

RSFO
ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।।
Ramgarhia Sikh Foundation of Ontario
9th International Award 2022
Dedicated to the 299th Birth Anniversary of Maharaja Jassa Singh Ramgarhia
YOU ARE CORDIALLY INVITED

| | |
|---|---|
| Appetizers | 10am to 11am |
| Speeches | 11am to 1pm |
| Lunch | 1pm to 2pm |
| Presentation of Awards | 2pm to 4pm |
| Cultural Program | 4pm to 5pm |

Date: Sunday 17 July 2022
Time: 10am to 6pm
Century Gardens Recreations Complex (Auditorium 1)
340 Vodden Street East, Brampton, ON, L6V 2N2

| | | | | |
|---|---|---|---|---|
| Daljit S. Gaidhu Chairman 416-305-9878 | Jasbir S. Sehmbi Vice Chairman 437-774-1410 | Manjit S. Bhachu President 416-275-2374 | Jarnail S. Matharu Event President 416-409-6207 | Hardial S. Jheeta Gen. Secretary 647-409-8915 |

Address: 7956 Torbram Road #40, Bldg-B, Brampton, ON, L6T 5A2, Canada

ਦੋਨੋ ਪ੍ਰੋਗਰਾਮਾਂ ਲਈ ਸੀਟ ਰਾਖਵੀਂ ਰੱਖਣ ਵਾਸਤੇ ਸੰਪਰਕ ਕਰੋ
(416) 305-9878, (416) 409-6207

4TH INTERNATIONAL SARAB SANJHA KAVI DARBAR
ਚੌਥਾ ਅੰਤਰ-ਰਾਸ਼ਟਰੀ ਸਰਬ-ਸਾਂਝਾ ਪੰਜਾਬੀ ਕਵੀ ਦਰਬਾਰ - 2022
PUNJABI KAVI DARBAR
ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ
400 ਸਾਲਾ ਸ਼ਤਾਬਦੀ ਨੂੰ ਸਮਰਪਿਤ

Date
24 July 2022
Time
10am to 6pm
Venue
Century Gardens Recreation Complex (Auditorium-1)
340 Vodden Street East, Brampton, ON, L6V 2N2

| | |
|---|---|
| Welcome Of Guests | 22 July 2022 |
| Registration | 23 July 2022 |
| Kavi Darbar | 24 July 2022 |

Program

| | |
|---|---|
| Appetizers | 10am to 11am |
| Kavi Darbar Session 1 | 11am to 1pm |
| Lunch | 1pm to 2pm |
| Kavi Darbar Session 2 | 2pm to 4pm |
| Awards and Cultural Program | 4pm to 6pm |

Daljit S. Gaidhu (Chairman)
International Sarab Sanjha Kavi Darbar, Canada
Address: 7956 Torbram Road #40, Bldg-B, Brampton, ON, L6T 5A2, Canada
Contact: (416) 305-9878 Email: int.sskd@gmail.com

# ਬਰੈਂਪਟਨ ਦੀ ਮੈਕਲਿਓਰ ਸੀਨੀਅਰਜ਼ ਕਲੱਬ ਨੇ ਮਨਾਇਆ 'ਕੈਨੇਡਾ ਡੇਅ'





ਬਰੈਂਪਟਨ, (ਡਾ. ਝੰਡ) -ਬੀਤੇ ਸ਼ੁੱਕਰਵਾਰ ਪਹਿਲੀ ਜੁਲਾਈ ਨੂੰ ਮੈਕਲਿਓਰ ਸੀਨੀਅਰਜ਼ ਕਲੱਬ ਵੱਲੋਂ ਜੈਨਿੰਗਜ਼ ਪਾਰਕ 49 ਪੈਰਿਟੀ ਰੋਡ ਵਿਖੇ ਕੈਨੇਡਾ ਡੇਅ ਧੂਮ-ਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਕਲੱਬ ਦੇ ਸਕੱਤਰ ਰਜਿੰਦਰ ਸਿੰਘ ਗਰੇਵਾਲ ਵੱਲੋਂ ਸਾਰਿਆਂ ਨੂੰ ਨਿੱਘੀ 'ਜੀ-ਆਇਆਂ' ਕਹੀ ਗਈ। ਉਪਰੰਤ, ਸਟੇਜ-ਸਕੱਤਰ ਦੀ ਜ਼ਿੰਮੇਂਵਾਰੀ ਸੰਭਾਲਦਿਆਂ ਕਲੱਬ ਦੇ ਪ੍ਰਧਾਨ ਹਰਬੰਸ ਸਿੰਘ ਸਿੱਧੂ ਨੇ ਸੱਭਨਾਂ ਨੂੰ ਕੈਨੇਡਾ ਡੇਅ ਦੀ ਵਧਾਈ ਦਿੱਤੀ ਅਤੇ ਪ੍ਰੋਰਾਮ ਦੀ ਅਗਲੇਰੀ ਕਾਰਵਾਈ ਆਰੰਭੀ।

ਬਾਹਰੋਂ ਆਏ ਹੋਏ ਪਤਵੰਤਿਆਂ ਵਿਚ ਬਰੈਂਪਟਨ ਵੈੱਸਟ ਦੇ ਐੱਮ.ਪੀ.ਪੀ. ਅਮਰਜੋਤ ਸਿੰਘ ਸੰਧੂ, ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਅਤੇ ਪੰਜਾਬੀ ਕਮਿਊਨਿਟੀ ਦੇ ਜਾਣੇ-ਪਛਾਣੇ ਵਿਦਵਾਨ ਡਾ. ਬਲਜਿੰਦਰ ਸਿੰਘ ਸੇਖੋਂ ਸ਼ਾਮਲ ਸਨ ਜਿਨ੍ਹਾਂ ਨੇ ਆਪਣੇ ਸੰਬੋਧਨਾਂ ਵਿਚ ਕੈਨੇਡਾ-ਡੇਅ ਦੀ ਮਹੱਤਤਾ ਦੱਸਦੇ ਹੋਏ ਆਪਣੇ ਵਿਚਾਰ ਪੇਸ਼ ਕੀਤੇ। ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ ਦੇ ਸਲਾਹਕਾਰ ਕੁਲਦੀਪ ਸਿੰਘ ਗੋਲੀ ਉਚੇਚੇ ਤੌਰ 'ਤੇ ਸਮਾਗ਼ਮ ਵਿਚ ਹਾਜ਼ਰ ਹੋਏ ਅਤੇ ਉਨਾਂ ਵੱਲੋਂ ਮੇਅਰ ਬਰਾਊਨ ਦਾ ਸੰਦੇਸ਼ ਪੜ੍ਹ ਕੇ ਸੁਣਾਇਆ ਗਿਆ। ਇਸ ਦੇ ਨਾਲ ਹੀ ਉਨ੍ਹਾਂ ਕੈਨੇਡਾ-ਡੇਅ ਸਬੰਧੀ ਆਪਣੇ ਵਿਚਾਰ ਵੀ ਪੇਸ਼ ਕੀਤੇ। ਇਸ ਮੌਕੇ ਰੀਜਨਲ ਕਾਊਂਸਲਰ ਮਿਸਟਰ ਪਾਲ, ਕਾਊਂਸਲਰ ਰੋਵੈਂਜਾ ਅਤੇ ਡਾ. ਐੱਚ. ਐੱਲ. ਪਟੇਲ ਵੀ ਬੁਲਾਰਿਆਂ ਵਿਚ ਸ਼ਾਮਲ ਸਨ।

ਪ੍ਰੋਗਰਾਮ ਦੀ ਸਮਾਪਤੀ ਵੱਲ ਵੱਧਦਿਆਂ ਗਿਆਨ ਸਿੰਘ ਸੰਧੂ ਵੱਲੋਂ ਸਮੂਹ ਬੁਲਾਰਿਆਂ ਅਤੇ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਚਾਹ-ਪਾਣੀ ਤੇ ਸਨੈਕਸ ਦਾ ਲੰਗਰ ਅਤੁੱਟ ਵਰਤਿਆ ਜਿਸ ਦੀ ਸੇਵਾ ਅਵਤਾਰ ਸਿੰਘ ਬੰਗੜ, ਕੀਰਤ ਸਿੰਘ ਧਾਲੀਵਾਲ, ਜਸਵਿੰਦਰ ਸਿੰਘ ਖਹਿਰਾ ਤੇ ਹੋਰ ਮੈਂਬਰਾਂ ਵੱਲੋਂ ਬੜੀ ਸ਼ਰਧਾਂ ਤੇ ਉਤਸ਼ਾਹ ਨਾਲ ਕੀਤੀ ਗਈ। ਸਮਾਗ਼ਮ ਦੇ ਅਖ਼ੀਰ ਵਿਚ ਬੀਬੀਆਂ ਨੇ ਗਿੱਧੇ ਦੀ ਖ਼ੂਬ ਰੌਣਕ ਲਾ ਕੇ ਕੈਨੇਡਾ-ਡੇਅ ਦੇ ਮਨਾਏ ਜਾਣ ਦੀਆਂ ਖ਼ੁਸ਼ੀਆਂ ਵਿਚ ਵਾਧਾ ਕੀਤਾ। ਇੰਜ, ਇਸ ਸੀਨੀਅਰਜ਼ ਕਲੱਬ ਦੇ ਇਸ ਸਮਾਗ਼ਮ ਦੀ ਸਮਾਪਤੀ ਬੜੇ ਵਧੀਆ ਮਾਹੌਲ ਵਿਚ ਹੋਈ।

# Brown caught between Brampton and politics as leadership bid fails


Surjit Singh Flora

Confusion and amazement ruled the day in Brampton Wednesday, as city councillors scrambled to respond to allegations after a planned weekly council meeting was scrapped in the wake of Mayor Patrick Brown's leadership bid for the federal Conservatives being dashed.

After canceling its fourth straight meeting, council said in a statement that it will not meet again for an undetermined amount of time.

"At the direction of the Mayor and in accordance with the Procedure By-law, the regular City Council meeting scheduled for July 6 has been canceled because the City is still waiting for legal clarification on the selection of the replacement Member of Council," the City said in a statement.

The announcement came in the wake of word from the Conservative election committee announcing Tuesday night that Brown had been disqualified from the leadership race, allegedly due to improprieties with regards to campaign fundraising.

Citing the allegations, a group of five Brampton councillors released a statement Wednesday morning referring to a "clear and alarming pattern of behaviour" regarding matters of financial concern at the City.

The first three city council meetings were canceled because Brown and four councillors didn't show up to vote on former Coun. Elaine Moore's appointment on May 31. This was two days before the provincial election, in which now-former Wards 7 and 8 Coun. Charmaine Williams was elected MPP for Brampton Centre.

After Brown cancelled the meeting, several councillors, including Martin Medeiros, Pat Fortini, Jeff Bowman, Gurpreet Dhillon and Doug Whillans, organized a press conference and stated Brampton was "in the national spotlight for all the wrong reasons because of Brown."

"Patrick Brown must choose between Brampton and politics," the group, led by Medeiros, said during the conference.

While the Conservative Party of Canada investigated election fraud charges that led to Patrick Brown's disqualification, Brampton councillors investigated allegations of financial problems, nepotism and suspected backroom contract violations during his bid -- including a video shot by media outlet Rebel Media that alleges several members of Brown's entourage, including his chief of staff and at least



one assistant, among several other City of Brampton staffers, were working on his campaign bid out of a nondescript office in Vaughan.

"This is a worrying trend... we expected CPC's decision," the group said in a collective statement.

In recent weeks, the councillors claim, top officials informed them that $629,000 in contracts went to a business that employed one of Brown's closest political supporters and a close friend of Rowena Santos.

Employees went on to tell the councillors that most of the supporter's job was never done, despite Brown's previous staff giving them taxpayer money.

Other contracts allegedly went to Brown's aides, the group continued, including unqualified people close to Brown, many in Conservative circles, who received senior staff jobs and other contracts.

After being thrown out of the federal Conservative leadership contest and having another Brampton city council meeting canceled, some have quietly advised Brown to retire from politics, the group explained, alleging that, "Brown must resign (because) Brampton is chaotic," with some councillors, including Medeiros, even claiming that Brown was conducting matters related to his leadership bid from his office at City Hall.

Brown countered Wednesday, in statements made to the Toronto Sun and CBC, that internal sabotage from the federal Conservatives and fellow candidate Pierre Poilievre, were to blame for the decision to oust him from the leadership race, while also commenting on the controversy at Brampton City Hall as a "sad attempt by a group of councillors following their unprecedented and contrary motion" to replace Moore with a handpicked candidate.

Councillors say it's time for Brown to step away from official Brampton responsibilities since he's involved in political infighting unrelated to municipal operations. Medeiros said the cancellation of municipal council sessions has also slowed Brampton's daily operations.

"Backroom agendas have trumped governance in Brampton," stated Medeiros. "Brown should consider how this affects Brampton and our work." Brown, Santos, Paul Vicente, Michael Palleschi and Harkirat Singh have canceled all public Council sessions since the discoveries.

Brown told reporters Wednesday that there was "no due process," claiming that his team doesn't know who made the accusations.

"This campaign did nothing wrong, I promise." said Brown, who denied city personnel worked on his campaign during office hours.

Locally, Brown argues the division at council is warranted since opponents aren't following the procedures for replacing Charmaine Williams' empty council seat in Brampton Centre.

Brown "puts our excellent city in the national limelight for all the wrong reasons," said Medeiros.

Brown's legal team is examining his exclusion from the leadership election and will consider next steps. If he can't lead the federal Conservatives, he'll seek re-election as mayor of Brampton.

# ਲੋਕਤੰਤਰ ਲਈ ਚੰਗੀ ਜਾਂ ਮਾੜੀ ਭਾਵਨਾ ਦਾ ਇਤਿਹਾਸ ਤੇ ਅਜੋਕੇ ਆਗੂ




ਜਤਿੰਦਰ ਪੰਨੂ

ਅਸੀਂ ਬੀਤੇ ਹਫਤੇ ਜਾਂ ਕਹਿ ਲਓ ਕਿ ਜੂਨ ਦੇ ਆਖਰੀ ਹਫਤੇ ਪੰਜਾਬ ਵਿਧਾਨ ਸਭਾ ਦਾ ਬੱਜਟ ਸਮਾਗਮ ਹੋਇਆ ਵੇਖਿਆ ਹੈ। ਇਸ ਸਮਾਗਮ ਦੌਰਾਨ ਸੰਗਰੂਰ ਦੀ ਲੋਕ ਸਭਾ ਉੱਪ ਚੋਣ ਵਿੱਚ ਪੰਜਾਬ ਸਰਕਾਰ ਦੀ ਕਮਾਨ ਸੰਭਾਲ ਰਹੀ ਆਮ ਆਦਮੀ ਪਾਰਟੀ ਦਾ ਉਮੀਦਵਾਰ ਹਾਰ ਗਿਆ ਹੋਣ ਕਰ ਕੇ ਮੰਨਿਆ ਜਾਂਦਾ ਸੀ ਕਿ ਉਸ ਨੂੰ ਵਿਰੋਧੀ ਧਿਰ ਦੇ ਮੈਂਬਰ ਗੁੱਠੇ ਲਾਉਣ ਦਾ ਯਤਨ ਕਰਨਗੇ, ਪਰ ਏਦਾਂ ਹੋ ਨਹੀਂ ਸਕਿਆ। ਕਾਰਨ ਇਸ ਦਾ ਇਹ ਸੀ ਕਿ ਇੱਕ ਤਾਂ ਵਿਰੋਧੀ ਧਿਰ ਦੇ ਮੈਂਬਰ ਹੀ ਏਨੇ ਥੋੜ੍ਹੇ ਜਿਹੇ ਹਨ ਕਿ ਉਹ ਹਾਊਸ ਦੀ ਚਵਾਨੀ-ਪੱਤੀ ਵੀ ਨਹੀਂ ਬਣਦੇ ਅਤੇ ਅਗਾਂਹ ਉਨ੍ਹਾਂ ਵਿੱਚੋਂ ਅਕਾਲੀ ਦਲ, ਭਾਜਪਾ ਤੇ ਬਸਪਾ ਵਾਲੇ ਸਾਰੇ ਜਣੇ ਮਿਲ ਕੇ ਨਾ ਤੁਰਦੇ ਹੋਣ ਕਾਰਨ ਮੁੱਖ ਵਿਰੋਧੀ ਧਿਰ ਕਾਂਗਰਸ ਦੇ ਅਠਾਰਾਂ ਅਤੇ ਇੱਕ ਬਾਗੀ ਕਾਂਗਰਸੀ ਸਮੇਤ ਉੱਨੀ ਮੈਂਬਰ ਮਿਲਾ ਕੇ ਕੁਝ ਕਰਨ ਜੋਗੇ ਨਹੀਂ ਰਹਿ ਜਾਂਦੇ। ਇਨ੍ਹਾਂ ਵਿੱਚੋਂ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਇੱਕ-ਦੂਸਰੇ ਨੂੰ ਪਛਾੜ ਕੇ ਅੱਗੇ ਲੰਘਣ ਦੀ ਦੌੜ ਵੀ ਉਨ੍ਹਾਂ ਨੂੰ ਖਰਾਬ ਕਰਦੀ ਹੈ। ਅੰਤਲੇ ਦੋ ਦਿਨਾਂ ਵਿੱਚ ਹੀ ਪ੍ਰਤਾਪ ਸਿੰਘ ਬਾਜਵਾ ਵਿਰੋਧੀ ਧਿਰ ਦਾ ਆਗੂ ਬਣ ਕੇ ਉੱਭਰ ਸਕਿਆ ਹੈ, ਵਰਨਾ ਹਰ ਗੱਲ ਵਿੱਚ ਰਾਜਾ ਵੜਿੰਗ ਉਸ ਦੇ ਪੈਰ ਮਿੱਧਦਾ ਜਾਪਦਾ ਸੀ। ਸੰਗਰੂਰ ਦੀ ਚੋਣ ਵਿੱਚ ਹਾਰ ਵਾਲੀ ਗੱਲ ਮੁੱਖ ਮੁੱਦਾ ਨਾ ਬਣ ਸਕਣ ਦਾ ਦੂਸਰਾ ਕਾਰਨ ਇਹ ਹੈ ਕਿ ਜਿਹੜੀ ਧਿਰ ਜਿੱਤੀ ਹੈ, ਉਸ ਵੱਲੋਂ ਇਸ ਜਿੱਤ ਲਈ ਹਿੱਕ ਠੋਕ ਕੇ ਬੋਲਣ ਵਾਲਾ ਕੋਈ ਮੈਂਬਰ ਵਿਧਾਨ ਸਭਾ ਵਿੱਚ ਹੈ ਨਹੀਂ ਤੇ ਜਿਹੜੇ ਓਥੇ ਬੈਠੇ ਹੋਏ ਸਨ, ਉਹ ਸਾਰੇ ਖੁਦ ਉਸ ਸੀਟ ਤੋਂ ਬਹੁਤ ਘੱਟ ਵੋਟਾਂ ਲੈ ਕੇ ਕੁਝ ਕਰਨ ਜੋਗੇ ਨਹੀਂ ਸਨਰਹੇ। ਕਾਂਗਰਸ ਸਵਾ ਗਿਆਰਾਂ ਫੀਸਦੀ ਤੋਂ ਘੱਟ ਵੋਟਾਂ ਤੱਕ ਰਹਿ ਗਈ, ਭਾਜਪਾ ਨੂੰ ਸਵਾ ਨੌਂ ਫੀਸਦੀ ਤੋਂ ਕੁਝ ਕੁ ਵੱਧ ਮਿਲੀਆਂ ਤੇ ਅਕਾਲੀ ਦਲ ਸਵਾ ਛੇ ਫੀਸਦੀ ਉੱਤੇ ਡਿੱਗਾ ਹੋਇਆ ਸੀ। ਇਸ ਹਾਲਤ ਵਿੱਚ ਜਦੋਂ ਵਿਰੋਧੀ ਧਿਰ ਦੇ ਇੱਕ ਮੈਂਬਰ ਨੇ ਮਿਹਣਾ ਮਾਰਿਆ ਕਿ ਆਮ ਆਦਮੀ ਪਾਰਟੀ ਮਸਾਂ ਤਿੰਨ ਮਹੀਨਿਆਂ ਅੰਦਰ ਲੋਕਾਂ ਦੇ ਮਨਾਂ ਤੋਂ ਲਹਿ ਗਈ ਹੈ ਤਾਂ ਹਾਕਮ ਧਿਰ ਦੇ ਇੱਕ ਮੈਂਬਰ ਨੇ ਜਵਾਬ ਵਿੱਚ ਹੱਸ ਕੇ ਕਹਿ ਦਿੱਤਾ ਕਿ ਅਸੀਂ ਤਾਂ ਸਿਰਫ ਚੋਣ ਹਾਰੇ ਹਾਂ, ਤੁਹਾਡਾ ਕੁਝ ਬਚਿਆ ਹੀ ਨਹੀਂ। ਇਸ ਪਿੱਛੋਂ ਵਿਰੋਧੀ ਧਿਰ ਦੇ ਕਿਸੇ ਮੈਂਬਰ ਨੇ ਸੰਗਰੂਰ ਦਾ ਰਾਗ ਛੇੜ ਕੇ ਝੰਡ ਕਰਾਉਣ ਦਾ ਇਰਾਦਾ ਨਹੀਂ ਸੀ ਕੀਤਾ।

ਜਿਨ੍ਹਾਂ ਮੁੱਦਿਆਂ ਉੱਤੇ ਭਖਵੀਂ ਬਹਿਸ ਹੋਈ, ਉਨ੍ਹਾਂ ਵਿੱਚੋਂ ਇੱਕ ਇਸ ਰਾਜ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਰੋਕਣ ਦਾ ਸੀ। ਵਿਰੋਧੀ ਧਿਰ ਨੇ ਰਾਜਸੀ ਬਦਲਾਖੋਰੀ ਦਾ ਦੋਸ਼ ਲਾਇਆ ਤਾਂ ਹਾਕਮ ਧਿਰ ਨੇ ਕਹਿ ਦਿੱਤਾ ਕਿ ਰਾਜ ਕਰ ਚੁੱਕੀ ਧਿਰ ਦੇ ਮੈਂਬਰ ਐਵੇਂ ਹਾਈ ਕੋਰਟ ਜਾ ਵੜਦੇ ਹਨ, ਜਦੋਂ ਉਨ੍ਹਾਂ ਉੱਤੇ ਕੋਈ ਕੇਸ ਵੀ ਨਹੀਂ ਬਣਿਆ ਹੁੰਦਾ ਤੇ ਓਥੇ ਜਾਣ ਨਾਲ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਇਸ ਸਾਬਕਾ ਵਜ਼ੀਰ ਦੇ ਪਾਪ ਕੰਬਦੇ ਹਨ। ਦੂਸਰਾ ਉਨ੍ਹਾਂ ਇਹ ਕਹਿ ਦਿੱਤਾ ਕਿ ਜੇ ਕੋਈ ਵੱਡਾ ਭ੍ਰਿਸ਼ਟਾਚਾਰੀਆ ਕਿਸੇ ਵੱਡੀ ਪਾਰਟੀ ਵਿੱਚ ਵੀ ਸ਼ਾਮਲ ਹੋ ਗਿਆ ਤਾਂ ਫਾਈਲ ਖੁੱਲ੍ਹਣ ਪਿੱਛੋਂ ਉਸ ਨੂੰ ਵੱਡੀ ਪਾਰਟੀ ਵਿੱਚ ਹੋਣ ਦਾ ਕੋਈ ਲਾਭ ਨਹੀਂ ਮਿਲ ਸਕਣਾ, ਕੀਤੀ ਭੁਗਤਣੀ ਪਵੇਗੀ।ਅਗਲਾ ਮੁੱਦਾ ਭਾਰਤੀ ਫੌਜ ਵਿੱਚ ਭਰਤੀ ਲਈ ਅਗਨੀਪੱਥ ਸਕੀਮ ਦੇ ਵਿਰੁੱਧ ਮਤਾ ਪਾਸ ਕਰਨ ਦਾ ਸੀ, ਜਿਸ ਵਿੱਚ ਭਾਜਪਾ ਦੇ ਦੋ ਮੈਂਬਰਾਂ ਨੂੰ ਛੱਡ ਕੇ ਬਾਕੀ ਸਮੁੱਚਾ ਹਾਊਸ ਇੱਕ ਸੁਰ ਸੀ ਤੇ ਮਤਾ ਆਰਾਮ ਨਾਲ ਪਾਸ ਹੋ ਗਿਆ। ਤੀਸਰਾ ਮੁੱਦਾ ਪੰਜਾਬ ਯੂਨੀਵਰਸਿਟੀ ਕੇਂਦਰ ਸਰਕਾਰ ਦੇ ਕਬਜ਼ੇ ਵਿੱਚ ਜਾਣ ਤੋਂ ਰੋਕਣ ਦਾ ਸੀ, ਜਿਸ ਬਾਰੇ ਬਾਕੀ ਪੂਰਾ ਹਾਊਸ ਇੱਕ-ਸੁਰ ਸੀ, ਪਰ ਭਾਜਪਾ ਦੇ ਦੋ ਮੈਂਬਰ ਵੱਖਰੀ ਬੋਲੀ ਬੋਲ ਕੇ ਵੀ ਕੇਂਦਰ ਸਰਕਾਰ ਨੂੰ ਯੂਨੀਵਰਸਿਟੀ ਦੇਣ ਦਾ ਪੱਖ ਲੈਣ ਦੀ ਥਾਂ ਇਹ ਕਹਿਣ ਲੱਗੇ ਕਿ ਕੇਂਦਰ ਸਰਕਾਰ ਨੇ ਏਦਾਂ ਦੀ ਕੋਈ ਚਿੱਠੀ ਹੀ ਨਹੀਂ ਭੇਜੀ, ਐਵੇਂ ਉਨ੍ਹਾਂ ਦੀ ਬਦਨਾਮੀ ਕੀਤੀ ਜਾ ਰਹੀ ਹੈ। ਬਹਿਸ ਦੇ ਵਕਤ ਉਨ੍ਹਾਂ ਦੇ ਇੱਕ ਮੈਂਬਰ ਨੇ ਇਹ ਵੀ ਕਹਿ ਦਿੱਤਾ ਕਿ ਪੰਜਾਬ ਸਰਕਾਰ ਆਪਣੇ ਹਿੱਸੇ ਦਾ ਚਾਲੀ ਫੀਸਦੀ ਫੰਡ ਇਸ ਯੂਨੀਵਰਸਿਟੀ ਨੂੰ ਦੇਣ ਦੀ ਥਾਂ ਦਸ ਫੀਸਦੀ ਵੀ ਮਸਾਂ ਦੇਂਦੀ ਹੈ। ਜਵਾਬ ਵਿੱਚ ਸਿੱਖਿਆ ਮੰਤਰੀ ਨੇ ਉੱਠ ਕੇ ਦੱਸਿਆ ਕਿ ਇਹ ਦੋਸ਼ ਨਿਰਾ ਝੂਠ ਹੈ, ਪੰਜਾਬ ਸਰਕਾਰ ਸਾਰੇ ਫੰਡ ਦੇਣ ਲਈ ਤਿਆਰ ਹੈ ਅਤੇ ਇਹ ਵੀ ਨੋਟ ਕਰਨਾ ਬਣਦਾ ਹੈ ਕਿ ਪੰਜਾਬ ਵਿੱਚੋਂ ਇੱਕ ਸੌ ਪਚਾਸੀ ਕਾਲਜ ਇਸ ਯੂਨੀਵਰਸਿਟੀ ਨਾਲ ਸੰਬੰਧਤ ਹੋਣ ਕਾਰਨਵਿਦਿਆਰਥੀ ਫੀਸਾਂ ਦੀ ਕਮਾਈ ਇਸ ਯੂਨੀਵਰਸਿਟੀ ਨੂੰ ਸੌ ਕਰੋੜ ਤੋਂ ਵੱਧ ਦੀ ਹੋਈ ਜਾਂਦੀ ਹੈ। ਇਸ ਦੇ ਬਾਅਦ ਕੋਈ ਨਹੀਂ ਬੋਲਿਆ। ਵਿਰੋਧੀ ਧਿਰ ਦੇ ਬਾਕੀ ਸਾਰੇ ਧੜੇ ਅਤੇ ਧਿਰਾਂ ਇਸ ਮਾਮਲੇ ਵਿੱਚ ਪਹਿਲਾਂ ਹੀ ਇੱਕ ਰਾਏ ਹੋਣ ਕਰ ਕੇ ਇਹ ਮਤਾ ਵੀ ਵਿਧਾਨ ਸਭਾ ਨੇ ਆਰਾਮ ਨਾਲ ਪਾਸ ਕਰ ਦਿੱਤਾ ਅਤੇ ਬਹੁਤਾ ਕੰਮ-ਕਾਜ਼ ਸਰਕਾਰ ਚਲਾ ਰਹੀ ਪਾਰਟੀ ਦੀ ਬਹੁ-ਗਿਣਤੀ ਨਾਲ ਸੌਖਾ ਚੱਲਦਾ ਰਿਹਾ।

ਏਥੇ ਆ ਕੇ ਇੱਕ ਵੱਡੀ ਗੱਲ ਮੁੱਖ ਮੰਤਰੀ ਭਗਵੰਤ ਮਾਨ ਨੇ ਕਹੀ, ਜਿਹੜੀ ਲੋਕਤੰਤਰ ਵਿੱਚ ਹਰ ਲੀਡਰ ਤੇ ਹਰ ਪਾਰਟੀ ਨੂੰ ਸਮਝਣੀ ਚਾਹੀਦੀ ਹੈ। ਉਸ ਨੇ ਕਿਹਾ ਕਿ ਕਿਸੇ ਵੀ ਇਮਤਿਹਾਨ ਵਿੱਚ ਜਿਹੜਾ ਬੱਚਾ ਪਹਿਲੇ ਨੰਬਰ ਵਾਲਾ ਹੈ, ਉਸ ਨੂੰ ਦੂਸਰੇ ਅਤੇ ਤੀਸਰੇ ਨੰਬਰ ਵਾਲੇ ਦਾ ਧੰਨਵਾਦੀ ਹੋਣਾ ਚਾਹੀਦਾ ਹੈ, ਕਿਉਂਕਿ ਜੇ ਦੂਸਰੇ ਅਤੇ ਤੀਸਰ ਨੰਬਰ ਵਾਲੇ ਦੋ ਬੱਚਿਆਂ ਤੋਂ ਸਖਤ ਮੁਕਾਬਲੇ ਦਾ ਡਰ ਨਾ ਹੁੰਦਾ ਤਾਂ ਉਹ ਸ਼ਾਇਦ ਏਨੀ ਮਿਹਨਤ ਨਾ ਕਰਦਾ। ਮੁੱਖ ਮੰਤਰੀ ਨੇ ਆਪਣੇ ਸਾਹਮਣੇ ਬੈਠੇ ਵਿਰੋਧੀ ਧਿਰ ਵਾਲਿਆਂ ਨੂੰ ਕਿਹਾ ਕਿ ਜੇ ਤੁਸੀਂ ਸਾਡੇ ਨਾਲ ਤਿੱਖੇ ਮੁਕਾਬਲੇ ਵਿੱਚ ਨਾ ਹੁੰਦੇ ਤਾਂ ਅਸੀਂ ਇਸ ਹੱਦ ਤੱਕ ਸ਼ਾਇਦ ਮਿਹਨਤ ਨਾ ਕਰਦੇ ਅਤੇ ਏਨੇ ਜਣੇ ਜਿੱਤ ਕੇ ਨਾ ਆਉਂਦੇ, ਇਸ ਲਈ ਤੁਹਾਡਾ ਵੀ ਧੰਨਵਾਦ ਹੈ। ਇਸ ਗੱਲ ਨਾਲ ਉਸ ਨੇ ਆਪਣੇ-ਪਰਾਏ ਸਭ ਨੂੰ ਸਮਝਾ ਦਿੱਤਾ ਕਿ ਲੋਕਤੰਤਰ ਵਿੱਚ ਵਿਰੋਧੀ ਧਿਰ ਦਾ ਹੋਣਾ ਹੀ ਨਹੀਂ, ਸਗੋਂ ਮਜ਼ਬੂਤ ਵਿਰੋਧੀ ਧਿਰ ਦਾ ਹੋਣਾ ਜ਼ਰੂਰੀ ਹੈ, ਵਰਨਾ ਰਾਜ ਕਰਦੀ ਧਿਰ ਮਨ-ਮਰਜ਼ੀ ਕਰਨ ਲੱਗ ਜਾਂਦੀ ਹੈ। ਉਸ ਦੇ ਇਹ ਕਹਿਣ ਦਾ ਇੱਕ ਹੋਰ ਅਰਥ ਇਹ ਨਿਕਲਦਾ ਹੈ ਕਿ ਉਹ ਆਪਣੀ ਸਰਕਾਰ ਤਾਂ ਚਲਾਵੇ, ਪਰ ਵਿਰੋਧੀ ਧਿਰ ਨੂੰ ਕਮਜ਼ੋਰ ਕਰਨ ਦਾ ਉਹੋ ਜਿਹਾ ਯਤਨ ਕੋਈ ਨਾ ਕਰੇ, ਜਿੱਦਾਂ ਦਾ ਪਿਛਲੀਆਂ ਪੰਜਾਬ ਸਰਕਾਰਾਂ ਵੇਲੇ ਹੁੰਦਾ ਕਈ ਵਾਰੀ ਵੇਖਿਆ ਸੀ ਤੇ ਜੇ ਉਹ ਏਦਾਂ ਕਰੇਗਾ ਤਾਂ ਉਸ ਦਾ ਹਸ਼ਰ ਵੀ ਉਹ ਹੀ ਹੋਵੇਗਾ, ਜਿਹੜਾ ਪਿਛਲਿਆਂ ਹਾਕਮਾਂ ਦਾ ਹੋਇਆ ਸੀ। ਦੂਸਰਾ ਇਸ ਦਾ ਅਰਥ ਕੇਂਦਰ ਸਰਕਾਰ ਚਲਾਉਣ ਵਾਲਿਆਂ ਨੂੰ ਸੋਚਣਾ ਚਾਹੀਦਾ ਹੈ ਕਿ ਗੱਲ ਪਾਰਲੀਮੈਂਟ ਦੀ ਹੋਵੇ ਜਾਂ ਦੇਸ਼ ਦੇ ਕਿਸੇ ਵੀ ਰਾਜ ਦੀ, ਵਿਰੋਧੀ ਧਿਰ ਨੂੰ ਕਮਜ਼ੋਰ ਕਰਨ ਦੇ ਯਤਨ ਲੋਕਤੰਤਰ ਨੂੰ ਢਾਹ ਲਾਉਂਦੇ ਹਨ।

ਜਿਹੜੇ ਹਫਤੇ ਅਸੀਂ ਪੰਜਾਬ ਦੀ ਸਰਕਾਰ ਨੂੰ ਸੰਗਰੂਰ ਦੀ ਲੋਕ ਸਭਾ ਸੀਟ ਵਾਲੀ ਹਾਰ ਦੀ ਸੱਟ ਸਹਿਣ ਪਿੱਛੋਂ ਵੀ ਉਸ ਦੇ ਮੁੱਖ ਮੰਤਰੀ ਨੂੰ ਵਿਰੋਧੀ ਧਿਰ ਦੀ ਮਜ਼ਬੂਤੀ ਦੀ ਗੱਲ ਕਰਦੇ ਸੁਣਿਆ ਹੈ, ਓਸੇ ਹਫਤੇ ਅਸੀਂ ਕੇਂਦਰ ਵਾਲਿਆਂ ਨੂੰ ਹਰ ਹੱਥਕੰਡਾ ਵਰਤ ਕੇ ਵਿਰੋਧੀ ਧਿਰ ਦੀ ਮਹਾਰਾਸ਼ਟਰ ਸਰਕਾਰ ਦਾ ਤਖਤਾ ਪਲਟਦੇ ਵੇਖਿਆ ਹੈ। ਭਾਰਤ ਦੇ ਰਾਜਾਂ ਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਾਲੀਆਂ ਕੁੱਲ ਤੀਹ ਸਰਕਾਰਾਂ ਵਿੱਚੋਂ ਬਾਰਾਂ ਭਾਜਪਾ ਦੀਆਂ, ਦੋ ਬਿਹਾਰ ਤੇ ਮਹਾਰਾਸ਼ਟਰ ਵਿੱਚ ਉਸ ਦੇ ਇਸ਼ਾਰੇ ਉੱਤੇ ਨੱਚਦੇ ਮੁੱਖ ਮੰਤਰੀਆਂ ਦੀਆਂ ਅਤੇ ਦੋ ਆਂਧਰਾ ਪ੍ਰਦੇਸ਼ ਅਤੇ ਉੜੀਸਾ ਵਿੱਚ ਭਾਜਪਾ ਦੀ ਵਿਰੋਧਤਾ ਦੀ ਥਾਂ ਸੁਰ ਨਾਲ ਸੁਰ ਮਿਲ ਕੇ ਚੱਲਣ ਵਾਲੀਆਂ ਹਨ। ਇਹ ਸੋਲਾਂ ਰਾਜ ਛੱਡ ਲਏ ਜਾਣ ਤਾਂ ਬਾਕੀ ਚੌਦਾਂ ਵਿੱਚੋਂ ਦੇਸ਼ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਕੋਲ ਦੋ ਸਰਕਾਰਾਂ ਆਪਣੀਆਂ ਅਤੇ ਤਿੰਨ ਭਾਈਵਾਲੀ ਵਾਲੀਆਂ ਹਨ। ਰਹਿੰਦੇ ਬਾਰਾਂ ਵਿੱਚੋਂ ਮਸਾਂ ਪੰਜ ਰਾਜ ਦਿੱਲੀ, ਪੰਜਾਬ, ਪੱਛਮੀ ਬੰਗਾਲ, ਕੇਰਲਾ ਅਤੇ ਤੇਲੰਗਾਨਾ ਹੀ ਭਾਜਪਾ ਸਾਹਮਣੇ ਸਿਰ ਚੁੱਕਣ ਵਾਲੇ ਕਹੇ ਜਾ ਸਕਦੇ ਹਨ, ਜੰਮੂ-ਕਸ਼ਮੀਰ ਵਿੱਚ ਸਰਕਾਰ ਹੈ ਨਹੀਂ ਅਤੇ ਉੱਤਰ ਪੂਰਬੀ ਰਾਜਾਂ ਦੇ ਮੁੱਖ ਮੰਤਰੀ ਕਦੀ ਕੇਂਦਰ ਦੀਆਂ ਸਰਕਾਰਾਂ ਨਾਲ ਆਢਾ ਲਾਉਂਦੇ ਨਹੀਂ ਹੁੰਦੇ। ਏਦਾਂ ਸਾਫ ਹੈ ਕਿ ਭਾਜਪਾ ਅੱਗੇ ਵੱਡਾ ਅੜਿੱਕਾ ਕੋਈ ਨਹੀਂ।

ਏਹੋ ਜਿਹੇ ਹਾਲਾਤ ਵਿੱਚ ਭਾਜਪਾ ਅੰਦਰ ਜੇ ਇੱਕ-ਅਧਿਕਾਰ ਦੀ ਭਾਵਨਾ ਸਿਰ ਨਾ ਚੁੱਕੇ ਤੇ ਕੰਟਰੋਲ ਤੋਂ ਬਾਹਰ ਨਾ ਉੱਛਲਦੀ ਹੋਵੇ ਤਾਂ ਉਸ ਨੂੰ ਰਾਜਾਂ ਵਿੱਚ ਵਿਰੋਧੀ ਧਿਰਾਂ ਦੀਆਂ ਸਰਕਾਰਾਂ ਨੂੰ ਠਿੱਬੀ ਲਾਉਣ ਦੀ ਨੀਤੀ ਛੱਡ ਕੇ ਉਨ੍ਹਾਂ ਨਾਲ ਸੁਖਾਵੇਂ ਸੰਬੰਧ ਰੱਖਣੇ ਚਾਹੀਦੇ ਹਨ। ਇਸ ਨਾਲ ਦੇਸ਼ ਵਿੱਚ ਲੋਕਤੰਤਰ ਨੂੰ ਲੀਹ ਉੱਤੇ ਰੱਖਣ ਦੇ ਗਾਰੰਟੀ ਕਰਨ ਜੋਗੀ ਵਿਰੋਧੀ ਧਿਰ ਵੀ ਦਿਖਾਈ ਦੇਂਦੀ ਰਹੇਗੀ ਅਤੇ ਉਨ੍ਹਾਂ ਰਾਜਾਂ ਵਿੱਚ ਰਹਿੰਦੇ ਲੋਕਾਂ ਵਿੱਚ ਇਹ ਪ੍ਰਭਾਵ ਵੀ ਰਹੇਗਾ ਕਿ ਕੇਂਦਰ ਸਰਕਾਰ ਹਉਮੈ ਦੀ ਸ਼ਿਕਾਰ ਨਹੀਂ, ਅਸੂਲਾਂ ਦਾ ਖਿਅਲ ਰੱਖ ਕੇ ਚੱਲਦੀ ਹੈ। ਇਹ ਆਦਰਸ਼ ਭਾਵਨਾ ਹੈ, ਰਾਜਸੀ ਖੇਤਰ ਦੇ ਘੁਲਾਟੀਏ ਕਦੀ ਇਨ੍ਹਾਂ ਗੱਲਾਂ ਵੱਲ ਕੰਨ ਨਹੀਂ ਕਰਦੇ ਹੁੰਦੇ। ਜਦੋਂ ਕਾਂਗਰਸ ਪਾਰਟੀ ਦਾ ਦਬਦਬਾ ਸੀ, ਇਸ ਨੇ ਵੀ ਕੋਈ ਪਾਰਟੀ ਅਤੇ ਕੋਈ ਰਾਜ ਠਿੱਬੀ ਲਾਉਣ ਤੋਂ ਬਚਿਆ ਨਹੀਂ ਸੀ ਰਹਿਣ ਦਿੱਤਾ ਤੇ ਅਜੋਕੇ ਹਾਲਾਤ ਵਿੱਚ ਉਨ੍ਹਾਂ ਹੀ ਠਿੱਬੀਆਂ ਅਤੇ ਅੜਿੱਕਿਆਂ ਦਾ ਸ਼ਿਕਾਰ ਇਸ ਦੀਆਂ ਆਪਣੀਆਂ ਸਰਕਾਰਾਂ ਨੂੰ ਵੀ ਹੋਣਾ ਪੈ ਰਿਹਾ ਹੈ, ਜਿਨ੍ਹਾਂ ਦੀ ਸ਼ੁਰੂਆਤ ਕਾਂਗਰਸ ਨੇ 1959 ਵਿੱਚ ਪਹਿਲੀ ਵਾਰ ਇੱਕ ਚੁਣੀ ਹੋਈ ਖੱਬੇ ਪੱਖੀ ਸਰਕਾਰ ਕੇਰਲਾ ਵਿੱਚ ਤੋੜ ਕੇ ਕੀਤੀ ਸੀ। ਜਿਹੜੀ ਧੁਨ ਓਦੋਂ ਕਾਂਗਰਸ ਦੀ ਪ੍ਰਧਾਨ ਇੰਦਰਾ ਗਾਂਧੀ ਦੇ ਸਿਰ ਉੱਤੇ ਸਵਾਰ ਸੀ, ਉਹ ਅੱਜ ਇੰਦਰਾ ਗਾਂਧੀ ਨੂੰ ਹਰ ਮੌਕੇ ਭੰਡਦੇ ਰਹਿਣ ਵਾਲੇ ਕੁਝ ਲੋਕਾਂ ਵਿੱਚ ਏਨੀ ਭਾਰੂ ਹੈ ਕਿ ਸੰਭਾਲੀ ਨਹੀਂ ਜਾਂਦੀ, ਉੱਛਲ ਕੇ ਬਾਹਰ ਆ ਰਹੀ ਹੈ। ਜੇ ਭਾਵਨਾ ਉਸ ਦੇ ਵਾਲੀ ਹੈ ਤਾਂ ਭਵਿੱਖ ਵੀ ਉਹੋ ਜਿਹਾ ਹੋ ਸਕਦਾ ਹੈ, ਮੌਜੂਦਾ ਹਾਕਮਾਂ ਨੂੰ ਇਹਚੇਤੇ ਰੱਖਣਾ ਚਾਹੀਦਾ ਹੈ।

## ਮਿੰਨੀ ਕਹਾਣੀਆਂ

### ਸਭ ਤੋਂ ਸੁੰਦਰ ਕੀ ਹੈ

ਇੱਕ ਕਲਾਕਾਰ ਨੂੰ ਸੰਸਾਰ ਦੀ ਸਭ ਤੋਂ ਸੁੰਦਰ ਵਸਤੂ ਦਾ ਚਿੱਤਰ ਬਣਾਉਣ ਦਾ ਮਨ ਹੋਇਆ। ਕਾਫੀ ਸੋਚ-ਵਿਚਾਰ ਕਰਨ ਤੋਂ ਬਾਅਦ ਉਸ ਦੀ ਸਮਝ ਵਿੱਚ ਨਹੀਂ ਆਇਆ ਕਿ ਆਖਰ ਸੰਸਾਰ ਦੀ ਸਭ ਤੋਂ ਸੁੰਦਰ ਵਸਤੂ ਕੀ ਹੈ?ਉਹ ਧਰਮਗੁਰੂ ਕੋਲ ਗਿਆ ਅਤੇ ਬੋਲਿਆ, ''ਮਹਾਤਮਾ ਸੰਸਾਰ ਦੀ ਸਭ ਤੋਂ ਸੁੰਦਰ ਵਸਤੂ ਕੀ ਹੈ?''

ਧਰਮਗੁਰੂ ਮੁਸਕਰਾ ਕੇ ਬੋਲੇ, ''ਬੇਟਾ! ਸੰਸਾਰ ਦੀ ਸਭ ਤੋਂ ਸੁੰਦਰ ਵਸਤੂ ਹੈ ਸ਼ਰਧਾ। ਉਸ ਸ਼ਰਧਾ ਦਾ ਦਰਸ਼ਨ ਤੈਨੂੰ ਹਰ ਧਾਰਮਿਕ ਸਥਾਨ ਉੱਤੇ ਹੋਵੇਗਾ। ਸੰਸਾਰ ਵਿੱਚ ਇਸ ਤੋਂ ਸੁੰਦਰ ਵਸਤੂ ਹੋਰ ਕੀ ਹੋ ਸਕਦੀ ਹੈ।''

ਉਹ ਉਨ੍ਹਾਂ ਦੇ ਉੱਤਰ ਤੋਂ ਸੰਤੁਸ਼ਟ ਨਾ ਹੋਇਆ ਤੇ ਅੱਗੇ ਵਧ ਗਿਆ। ਰਾਹ ਵਿੱਚ ਇੱਕ ਨਵ-ਵਿਆਹੁਤਾ ਮਿਲੀ। ਉਸ ਨੇ ਉਸ ਤੋਂ ਪੁੱਛਿਆ ਕਿ ਸੰਸਾਰ ਦੀ ਸਭ ਤੋਂ ਸੁੰਦਰ ਵਸਤੂ ਕੀ ਹੈ। ਉਹ ਬੋਲੀ, ''ਉਹ ਪ੍ਰੇਮ ਹੈ, ਪ੍ਰੇਮ ਵਿੱਚ ਗਰੀਬੀ ਵਿੱਚ ਵੀ ਖੁਸ਼ਹਾਲੀ ਪ੍ਰਤੀਤ ਹੁੰਦੀ ਹੈ। ਪ੍ਰੇਮ ਖਾਰੇ ਹੰਝੂਆਂ ਨੂੰ ਵੀ ਮਿੱਠਾ ਬਣਾ ਦਿੰਦਾ ਹੈ।''

ਇਸ ਉੱਤਰ ਤੋਂ ਵੀ ਕਲਾਕਾਰ ਸੰਤੁਸ਼ਟ ਨਾ ਹੋਇਆ। ਰਾਹ ਵਿੱਚ ਇੱਕ ਫੌਜੀ ਮਿਲਿਆ। ਉਸ ਨੇ ਉਸ ਤੋਂ ਉਹੀ ਪ੍ਰਸ਼ਨ ਦੁਹਰਾਇਆ। ਫੌਜੀ ਸ਼ਾਂਤ ਸੁਰ ਵਿੱਚ ਬੋਲਿਆ, ''ਜੰਗ ਸੰਸਾਰ ਦੀ ਸਭ ਤੋਂ ਬਦਸੂਰਤ ਵਸਤੂ ਹੈ। ਮੇਰੇ ਵਿਚਾਰ ਨਾਲਤਾਂ ਸ਼ਾਂਤੀ ਸੰਸਾਰ ਦੀ ਸਭ ਤੋਂ ਸੁੰਦਰ ਵਸਤੂ ਹੈ।''

ਕਲਾਕਾਰ ਨੇ ਤਿੰਨ ਵਸਤੂਆਂ ਸਮਝ ਲਈਆਂ 'ਸ਼ਰਧਾ, ਪ੍ਰੇਮ ਅਤੇ ਸ਼ਾਂਤੀ।'ਉਹ ਘਰ ਵੱਲ ਚੱਲ ਪਿਆ। ਦਰਵਾਜ਼ੇ ਉੱਤੇ ਪਹੁੰਚਦੇ ਹੀ ਬੱਚੇ ਉਸ ਨਾਲ ਲਿਪਟ ਗਏ ਅਤੇ ਪਤਨੀ ਮੁਸਕੁਰਾਉਣ ਲੱਗੀ।

ਕਲਾਕਾਰ ਸੋਚਣ ਲੱਗਾ, ''ਮੈਂ ਸੰਸਾਰ ਦੀ ਜਿਸ ਸਭ ਤੋਂ ਸੁੰਦਰ ਵਸਤੂ ਦੀ ਖੋਜ ਵਿੱਚ ਨਿਕਲਿਆ ਸੀ, ਉਹ ਤਾਂ ਮੇਰੇ ਘਰ ਵਿੱਚ ਹੈ। ਬੱਚਿਆਂ ਦੀਆਂ ਅੱਖਾਂ ਵਿੱਚ ਸ਼ਰਧਾ ਹੈ। ਪਤਨੀ ਦੀਆਂ ਅੱਖਾਂ ਵਿੱਚ ਪ੍ਰੇਮ ਅਤੇ ਘਰ ਸ਼ਾਂਤੀ ਦੀ ਦਿਵਯ ਭੂਮੀ ਹੈ।'' ਉਸ ਨੇ ਸੰਸਾਰ ਦੀ ਸਭ ਤੋਂ ਸੁੰਦਰ ਵਸਤੂ ਦਾ ਚਿੱਤਰ ਤਿਆਰ ਕਰ ਕੇ ਉਸ ਦਾ ਸਿਰਲੇਖ ਦਿੱਤਾ 'ਘਰ।'

-ਪੁਸ਼ਪੇਸ਼ ਕੁਮਾਰ

*******

### ਸੋਹਣਾ ਬਿਰਧ ਆਸ਼ਰਮ

ਕਸਤੂਰੀ ਦੇ ਘਰ ਆਉਣ ਉਤੇ ਦੋਵੇਂ ਨੂੰਹ-ਪੁੱਤ ਇੱਕ ਦੂਜੇ ਨਾਲ ਇਉਂ ਲੜਨ ਲੱਗੇ, ਜਿਵੇਂ ਉਨ੍ਹਾਂ ਦੀ ਮਾਂ ਨੇ ਆਪਣੇ ਘਰ ਆ ਕੇ ਬਹੁਤ ਵੱਡੀ ਗਲਤੀ ਕਰ ਦਿੱਤੀ ਹੋਵੇ। ਉਹ ਉਨ੍ਹਾਂ ਦੋਵਾਂ ਦੀ ਰਾਤ-ਦਿਨ ਦੀ ਲੜਾਈ ਵੇਖ ਕੇ ਬੜੀ ਦੁਖੀ ਰਹਿਣ ਲੱਗੀ ਅਤੇ ਖੁਦ ਨੂੰ ਅਸਹਿਜ ਮਹਿਸੂਸ ਕਰਨ ਲੱਗੀ।ਉਹਦੇ ਗੋਡਿਆਂ ਵਿੱਚ ਬੜਾ ਦਰਦ ਹੋਣ ਦੇ ਬਾਵਜੂਦ ਉਹ ਆਪਣਾ ਸਾਰਾ ਕੰਮ ਆਪੇ ਕਰਦੀ ਤਾਂ ਕਿ ਨੂੰਹ ਉੱਤੇ ਭਾਰ ਨਾ ਪਵੇ, ਫਿਰ ਵੀ ਨੂੰਹ-ਪੁੱਤ ਦੀ ਲੜਾਈ ਖਤਮ ਨਹੀਂ ਹੋਈ, ਸਗੋਂ ਵਧ ਗਈ। ਕਸਤੂਰੀ ਆਪਣੇ ਨੂੰਹ-ਪੁੱਤ ਵਿੱਚ ਉਹਦੇ ਕਰ ਕੇ ਹੁੰਦੀ ਲੜਾਈ ਨੂੰ ਨਾ ਸਹਿਣ ਕਰ ਸਕੀ ਅਤੇ ਆਖਰ ਉਹਨੇ ਆਪਣੇ ਨੂੰਹ-ਪੁੱਤ ਨੂੰ ਸੱਦ ਕੇ ਕਿਹਾ, ''ਬੇਟਾ, ਤੂੰ ਬੁਰਾ ਨਾ ਮਨਾਈਂ। ਮੈਂ ਇੱਕ ਗੱਲ ਕਹਿਣੀ ਹੈ। ਮੈਨੂੰ ਇੱਥੇ ਘਰ ਲੈ ਕੇ ਆਇਆ, ਬੜਾ ਚੰਗਾ ਲੱਗਾ, ਪਰ ਸੱਚ ਦੱਸਾਂ, ਇਸ ਬੰਦ ਘਰ ਵਿੱਚ ਮੇਰਾ ਮਨ ਨਹੀਂ ਲੱਗਦਾ। ਮੈਨੂੰ ਮੇਰਾ ਬਿਰਧ ਆਸ਼ਰਮ ਸੋਹਣਾ ਲੱਗਦਾ ਹੈ, ਕਿਉਂਕਿ ਉਹ ਬੜਾ ਖੁੱਲ੍ਹਾ-ਖੁੱਲ੍ਹਾ ਹੈ ਅਤੇ ਉਥੇ ਰੁੱਖ, ਪੌਦੇ, ਫੁੱਲ ਵੀ ਬਹੁਤ ਹਨ, ਤਾਜ਼ੀ ਹਵਾ ਆਉਂਦੀ ਹੈ। ਉਥੇ ਮੇਰਾ ਮਨ ਲੱਗ ਜਾਂਦਾ ਹੈ ਅਤੇ ਗੱਲਬਾਤ ਕਰਨ ਲਈ ਬਹੁਤ ਸਾਰੇ ਹਮਉਮਰ ਲੋਕ ਹਨ। ਇਸ ਲਈ ਤੂੰ ਮੈਨੂੰ ਉਥੇ ਛੱਡ ਆ। ਮੈਨੂੰ ਉਥੇ ਬੜਾ ਚੰਗਾ ਲੱਗਦਾ ਹੈ।''

ਨੂੰਹ-ਪੁੱਤ ਇੱਕ-ਦੂਜੇ ਵੱਲ ਹੈਰਾਨੀ ਨਾਲ ਵੇਖਣ ਲੱਗੇ ਅਤੇ ਕਸਤੂਰੀ ਅੰਦਰੋਂ-ਅੰਦਰੀ ਰੋਣ ਲੱਗੀ। ਉਹਦਾ ਦਿਲ ਕੰਬ ਰਿਹਾ ਸੀ। ਆਪਣੇ ਘਰ ਨੂੰ ਛੱਡ ਕੇ ਜਾਣਾ ਕਿਸ ਨੂੰ ਚੰਗਾ ਲੱਗਦਾ ਹੈ, ਉਹ ਤਾਂ ਇੱਥੇ ਹੀ ਰਹਿਣਾ ਚਾਹੁੰਦੀ ਸੀ।

-ਤਾਰਾਵਤੀ ਸੈਣੀ 'ਨੀਰਜ'




# ਵਿਧਾਇਕ ਦੇ ਇੰਸਟਾਗ੍ਰਾਮ ਉਤੇ ਜਾਅਲੀ ਅਕਾਊਂਟ ਬਣਾਇਆ

ਦਸੂਹਾ, 7 ਜੁਲਾਈ (ਪੋਸਟ ਬਿਊਰੋ)- ਪੰਜਾਬ ਵਿੱਚ ਸੋਸ਼ਲ ਮੀਡੀਆ ਦੀ ਗਲਤ ਵਰਤੋਂ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਉਹ ਸਿਆਸਤਦਾਨਾਂ ਨੂੰ ਵੀ ਨਹੀਂ ਬਖਸ਼ ਰਹੇ। ਆਮ ਆਦਮੀ ਪਾਰਟੀ ਦੇ ਵਿਧਾਇਕ ਐਡਵੋਕੇਟ ਕਰਮਬੀਰ ਸਿੰਘ ਘੁੰਮਣ ਦੇ ਨਾਂਅ ਉੱਤੇ ਇੰਸਟਾਗ੍ਰਾਮ ਦਾ ਝੂਠਾ ਖਾਤਾ ਬਣਾਉਣ ਦਾ ਮਾਮਲਾ ਪਾਤ ਲੱਗਾ ਹੈ। ਇਸ ਦੇ ਬਾਅਦ ਵਿਧਾਇਕ ਨੇ ਸੋਸ਼ਲ ਮੀਡੀਆ ਰਾਹੀਂ ਲੋਕਾਂ ਨੂੰ ਇਸ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾ ਨੇ ਆਪਣੇ ਫੇਸਬੁੱਕ ਪੇਜ ਉੱਤੇ ਆਪਣੇ ਨਾਮ ਉੱਤੇ ਬਣੇ ਇੰਸਟਾਗ੍ਰਾਮ ਦੇ ਜਾਅਲੀ ਖਾਤੇ ਦਾ ਸਕਰੀਨ ਸ਼ਾਰਟ ਸਾਂਝਾ ਕਰਦਿਆਂ ਕਿਹਾ ਕਿ ਕਿਸੇ ਨੇ ਉਨ੍ਹਾਂ ਦੇ ਨਾਂਅ ਉੱਤੇ



ਫਰਜ਼ੀ ਇੰਸਟਾਗ੍ਰਾਮ ਆਈ ਡੀ ਬਣਾਈ ਹੈ, ਜਿਸ ਉੱਤੇ ਉਪਰ ਉਨ੍ਹਾਂ ਦੀਆਂ ਫੋਟੋਆਂ ਲਾਈਆਂ ਗਈਆਂ ਅਤੇ ਇਸ ਦੀ ਵਰਤੋਂ ਲੋਕਾਂ ਵਿੱਚ ਅਫਵਾਹ ਫੈਲਾਉਣ ਅਤੇ ਆਮ ਜਨਤਾ ਨੂੰ ਗੁੰਮ-ਰਾਹ ਕਰਨ ਲਈ ਕੀਤੀ ਜਾ ਰਹੀ ਹੈ।

# 536 ਪਾਸਪੋਰਟਾਂ ਸਮੇਤ ਚਾਰ ਟ੍ਰੈਵਲ ਏਜੰਟ ਗ੍ਰਿਫ਼ਤਾਰ

ਜਲੰਧਰ, 7 ਜੁਲਾਈ (ਪੋਸਟ ਬਿਊਰੋ)- ਲੁਧਿਆਣਾ ਤੋਂ ਜਲੰਧਰ ਆ ਕੇ ਵੱਖ-ਵੱਖ ਥਾਵਾਂ ਉੱਤੇ ਦਫ਼ਤਰ ਖੋਲ੍ਹ ਕੇ ਲੋਕਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਠੱਗਣ ਵਾਲੇ ਚਾਰ ਟ੍ਰੈਵਲ ਏਜੰਟਾਂ ਨੂੰ ਕਮਿਸ਼ਨਰੇਟ ਪੁਲਸ ਨੇਕਾਬੂ ਕਰ ਕੇ ਉਨ੍ਹਾਂ ਕੋਲੋਂ 500 ਤੋਂ ਵੱਧ ਪਾਸਪੋਰਟ ਬਰਾਮਦ ਕੀਤੇ ਹਨ।

ਇਸ ਬਾਰੇ ਪੁਲਸ ਕਮਿਸ਼ਨਰ ਗੁਰਸ਼ਰਨ ਸਿੰਘ ਸੰਧੂ ਨੇ ਦੱਸਿਆ ਕਿ ਫਵੇ ਗਏ ਟ੍ਰੈਵਲ ਏਜੰਟਾਂ ਵਿਰੁੱਧ ਇਸ ਤੋਂ ਪਹਿਲਾਂ ਲੁਧਿਆਣਾ ਵਿੱਚ ਕਈ ਠੱਗੀ ਦੇ ਕੇਸ ਦਰਜ ਹਨ, ਜਿਸ ਪਿੱਛੋਂ ਇਹੀ ਲੋਕ ਜਲੰਧਰ ਭੋਲੇ-ਭਾਲੇ ਲੋਕਾਂ ਨੂੰ ਲੁੱਟ ਰਹੇ ਸਨ ਅਤੇ ਜਲੰਧਰ ਕਮਿਸ਼ਨਰੇਟ ਪੁਲਸ ਨੇ ਇਨ੍ਹਾਂ ਨੂੰ ਫੜ ਕੇ ਵੱਡੀ ਸਫ਼ਲਤਾ



ਹਾਸਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਕਾਬੂ ਕੀਤੇ ਗਏ ਟ੍ਰੈਵਲ ਏਜੰਟਾਂ ਨੂੰ ਪੁਲਸ ਰਿਮਾਂਡ ਉੱਤੇ ਲੈ ਕੇ ਪੁੱਛਗਿੱਛ ਕੀਤੀ ਜਾਵੇਗੀ। ਪੁਲਸ ਨੇ ਪੰਜ ਦਫ਼ਤਰਾਂ ਨੂੰ ਸੀਲ ਕਰ ਕੇ ਰੈਕੇਟ ਦੇ ਚਾਰ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ ਵਿਰੁੱਧ ਜਲੰਧਰ ਤੇ ਲੁਧਿਆਣਾ ਸਮੇਤ ਕਈ ਜ਼ਿਲ੍ਹਿਆਂ ਵਿੱਚ ਵੀ ਸ਼ਿਕਾਇਤਾਂ ਦਰਜ ਹਨ।

# ਖ਼ੁਦਕੁਸ਼ੀਆਂ ਦੇ ਵਰਤਾਰੇ ਦੇ ਸ਼ਿਕਾਰ ਬਹੁਤੇ ਚੁੱਪ ਰਹਿਣ ਵਾਲੇ ਲੋਕ

ਚੰਡੀਗੜ੍ਹ, 7 ਜੁਲਾਈ (ਪੋਸਟ ਬਿਊਰੋ)- 'ਬਾਤ ਕਰੋ ਸੰਸਥਾ' ਦੇ ਬਾਨੀ ਨੌਜੁਆਨ ਸਮਾਜ ਸੇਵਕਅਤੇ ਮਹਾਂਰਾਸਟਰ ਦੇ ਵਾਸੀ ਖੁਮੇਸ਼ ਪਾਟਿਲਖੁਦਕੁਸ਼ੀਆਂ ਦੇ ਵਰਤਾਰੇ ਨੂੰ ਰੋਕਣ ਲਈ ਪਿਛਲੇ ਇੱਕੀ ਦਿਨਾਂ ਤੋਂ ਭਾਰਤ ਦੀ ਪੈਦਲ ਯਾਤਰਾ ਕਰ ਰਹੇ ਹਨ, ਜੋ 1550 ਕਿਲੋਮੀਟਰ ਦਾ ਸਫ਼ਰ ਕਰ ਚੁੱਕੇ ਹਨ।

ਕੱਲ੍ਹ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਸੈਕਟਰ- 28 ਚੰਡੀਗੜ੍ਹ ਵਿਖੇ ਪ੍ਰੈਸ ਮਿਲਣੀ ਮੌਕੇ ਉਨ੍ਹਾਂ ਦੱਸਿਆ ਕਿ ਮਾਹਰਾਂ ਅਤੇ ਮਨੋਵਿਗਿਆਨੀਆਂ ਦਾ ਮੰਨਣਾ ਹੈ ਕਿ ਖੁਦਕੁਸ਼ੀ ਕਰਨ ਵਾਲੇ ਜ਼ਿਆਦਾਤਰ ਲੋਕ ਚੁੱਪ ਰਹਿਣ ਵਾਲੇ ਹੁੰਦੇ ਹਨ ਭਾਵ ਆਪਣੀ ਸਮੱਸਿਆ ਕਿਸੇ ਨਾਲ ਸਾਂਝੀ ਨਹੀਂ ਕਰਦੇ। 'ਬਾਤ ਕਰੋ' ਮਿਸ਼ਨ ਦੇ ਮੋਢੀ ਖੁਮੇਸ਼ ਪਾਟਿਲ ਨੇ ਕਿਹਾ ਕਿ ਅਜਿਹੇ ਲੋਕਾਂ ਦੀ ਪਛਾਣ ਕਰਨਾ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣਨਾ ਜ਼ਰੂਰੀ ਹੈ। ਉਨ੍ਹਾਂ ਦੀ ਸੰਸਥਾ



ਦੇਸ਼ ਵਿੱਚ 450 ਸੇਵਾ ਕੇਂਦਰ ਚਲਾ ਰਹੀ ਹੈ। ਇੱਕ ਅਧਿਅਨ ਅਨੁਸਾਰ ਭਾਰਤ ਵਿੱਚ ਖ਼ੁਦਕੁਸ਼ੀਆਂ ਦੀ ਗਿਣਤੀ ਕੁਲ ਕਤਲਾਂ ਨਾਲੋਂ ਪੰਜ ਗੁਣਾਂ ਵੱਧ ਹੈ। 12 ਸਾਲ ਤੋਂ 24 ਸਾਲ ਤਕ ਦੇ ਨੌਜੁਆਨ ਵਧੇਰੇ ਖੁਦਕੁਸ਼ੀ ਕਰਦੇ ਹਨ। ਮਾਹਰਾਂ ਦੇ ਮੁਤਾਬਕ ਜਿੰਨਾ ਜ਼ਿਆਦਾ ਵਿਅਕਤੀ ਆਪਣੀਆਂ ਚੀਜ਼ਾਂ ਨੂੰ ਇੱਕ-ਦੂਜੇ ਨਾਲ ਸ਼ੇਅਰ ਕਰੇਗਾ, ਉਨੀ ਉਦਾਸੀ ਘੱਟ ਹੋਵੇਗੀ। ਇਸ ਨਾਲ ਖ਼ੁਦਕੁਸ਼ੀ ਨੂੰ ਕਾਫ਼ੀ ਹਦ ਤਕ ਰੋਕਿਆ ਜਾ ਸਕਦਾ ਹੈ। ਭਾਰਤ ਵਿੱਚ ਤਿੰਨ ਲੱਖ ਲੋਕਾਂ ਪਿੱਛੇ ਇੱਕ ਮਨੋਵਿਗਿਆਨਕ ਕੌਂਸਲਰ ਹੈ।

# ਸੈਂਟਰਲ ਟਾਊਨ ਦੇ ਕਾਰੋਬਾਰੀ ਤੋਂ 10 ਲੱਖ ਲੁੱਟਣ ਦੀ ਵਾਰਦਾਤ ਫੋਕਾ ਡਰਾਮਾ ਨਿਕਲੀ

ਜਲੰਧਰ, 7 ਜੁਲਾਈ (ਪੋਸਟ ਬਿਊਰੋ)- ਸੈਂਟਰਲ ਟਾਊਨ ਦੀ ਗਲੀ ਨੰਬਰ 8 ਵਿੱਚ ਓਦੋਂ ਸਨਸਨੀ ਫੈਲ ਗਈ, ਜਦੋਂ ਅਚਾਨਕ ਬਾਈਕ ਉੱਤੇ ਆਏ ਦੋ ਕਥਿਤ ਲੁਟੇਰੇ 10 ਲੱਖ ਰੁਪਏ ਕੈਸ਼ ਲੁੱਟ ਕੇ ਫ਼ਰਾਰ ਹੋ ਗਏ। ਲੁੱਟ ਦੀ ਸੂਚਨਾ ਮਿਲਣ ਉੱਤੇ ਪੁਲਸ ਮੌਕੇ ਉੱਤੇਆ ਗਈ, ਪਰ ਜਦੋਂ ਡੂੰਘਾਈ ਨਾਲ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਅਸਲ ਵਿੱਚ ਲੁੱਟ ਦੀ ਝੂਠੀ ਘਟਨਾ ਬਣਾਈ ਗਈ ਸੀ, ਜਿਸ ਨੇ ਤਿੰਨ ਘੰਟਿਆਂ ਵਿੱਚ ਡੀ ਸੀ ਪੀ ਜਗਮੋਹਨ ਸਿੰਘ ਨੇ ਇਸ ਨੂੰ ਟਰੇਸ ਕਰਕੇ ਲੁੱਟਦੀ ਝੂਠੀ ਘਟਨਾ ਕਾਰਨਕੇਸ ਦਰਜ ਕਰਕੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਦਿਲਬਾਗ ਨਗਰ ਐਕਸਟੈਂਸ਼ਨ ਦਾ ਪੰਕਜ ਮਾਟਾ ਸਵੇਰੇ ਆਪਣੇ ਸੈਂਟਰਲ ਟਾਊਨ ਵਾਸੀ ਦੋਸਤ ਮੁਨੀਸ਼ ਗੁਪਤਾ ਪੁੱਤਰ ਸੁਰੇਸ਼ ਕੁਮਾਰ ਨੂੰ 10 ਲੱਖ ਰੁਪਏ ਦੀ ਪੇਮੈਂਟ ਦੇਣ ਗਿਆ ਸੀ। ਉਸ ਨੇ ਦੱਸਿਆ ਕਿ ਉਹ ਪੇਸ਼ੇ ਤੋਂ ਮਾਰਕੀਟਿੰਗ ਦਾ ਕੰਮ ਕਰਦਾ ਹੈ, ਇਸ ਲਈ ਇੰਨੀ ਵੱਡੀ ਰਕਮ ਉਸ ਨੂੰ ਦੇਣ ਆਇਆ ਸੀ। ਜਦੋਂ ਉਸ ਨੇ 10 ਲੱਖ ਰੁਪਏ ਦੀ ਰਕਮ ਨਾਲ ਭਰਿਆ



ਲਿਫ਼ਾਫ਼ਾ ਮਨੀਸ਼ਗੁਪਤਾ ਨੂੰ ਦਿੱਤਾ ਤਾਂ ਅਚਾਨਕ ਦੋ ਨਕਾਬਪੋਸ਼ ਲੁਟੇਰਿਆਂ ਨੇ ਲਿਫਾਫਾ ਖੋਹ ਲਿਆ ਅਤੇ ਮੌਕੇ ਤੋਂ ਬਾਈਕ ਉੱਤੇ ਫ਼ਰਾਰ ਹੋ ਗਏ।ਅਚਾਨਕ ਹੋਈ ਵਾਰਦਾਤ ਕਾਰਨ ਪਹਿਲਾਂ ਉਹ ਕੁਝ ਦੇਰ ਸਦਮੇ ਵਿੱਚ ਗਿਆ ਤੇ ਫਿਰ ਪੁਲਸ ਨੂੰ ਸੂਚਨਾ ਦਿੱਤੀ ਤਾਂ ਮੌਕੇ ਉੱਤੇ ਡੀ ਸੀ ਪੀ ਜਗਮੋਹਨ ਸਿੰਘ ਪਹੁੰਚੇ, ਜਿਨ੍ਹਾਂ ਨੇ ਪੁੱਛਗਿੱਛ ਕੀਤੀ ਅਤੇ ਸੀ ਸੀ ਟੀ ਵੀ ਫੁਟੇਜ ਚੈਕ ਕੀਤੀ ਤਾਂ ਗੱਲ ਹੋਰ ਨਿਕਲੀ। ਜਦ ਪੁਲਸ ਨੇ ਜਾਂਚ ਕੀਤੀ ਤਾਂ ਪੀੜਤ ਪੰਕਜ ਮਾਟਾ ਦੇਬਿਆਨ ਤਾਂ ਸਹੀ ਨਿਕਲੇ, ਪਰ ਮੁਨੀਸ਼ ਗੁਪਤਾ ਬਿਆਨ ਬਦਲ ਰਿਹਾ ਸੀ, ਜਿਸ ਉੱਤੇ ਉਨ੍ਹਾਂ ਨੂੰ ਸ਼ੱਕ ਹੋਇਆ ਅਤੇ ਪੁਲਸ ਨੇ ਇਲਾਕੇ ਦੀ ਸਾਰੀ ਸੀ ਸੀ ਟੀ ਵੀ ਫੁਟੇਜ ਚੈਕ ਕੀਤੀ।ਇਸ ਦੌਰਾਨ ਪੁਲਸ ਨੂੰ ਪਤਾ ਲੱਗਾ ਕਿ ਮੁਨੀਸ਼ ਗੁਪਤਾ ਅਤੇ ਪੰਕਜ ਦੋਵੇਂ ਆਪਸ ਵਿੱਚ ਸਾਂਝਾ ਕਾਰੋਬਾਰ ਕਰਦੇ ਹਨ। ਪੀੜਤ ਪੰਕਜ ਮਾਟਾ ਜਦੋਂ ਉਸ ਨੂੰ ਪੇਮੈਂਟ ਦੇਣ ਆਇਆ ਤਾਂ ਦੋਵਾਂ ਮੁਲਜ਼ਮਾਂ ਵੱਲੋਂ ਕੈਸ਼ ਲੁੱਟੇ ਜਾਣ ਦੌਰਾਨ ਕੁਝ ਸ਼ੱਕੀ ਲੱਗਾ, ਜਿਸ ਉੱਤੇ ਪੁਲਸ ਨੇ ਮੁਨੀਸ਼ ਗੁਪਤਾ ਤੋਂ ਪੁੱਛਗਿੱਛ ਕੀਤੀ ਤਾਂ ਮੁਨੀਸ਼ ਗੁਪਤਾ ਨੇ ਮੰਨਿਆ ਕਿ ਲੁੱਟ ਦੀ ਵਾਰਦਾਤ ਉਸੇ ਨੇ ਕਰਵਾਈ ਹੈ। ਉਸ ਨੇ ਸੁਪਾਰੀ ਦੇ ਕੇ ਦੋ ਨੌਜਵਾਨ ਹਾਇਰ ਕੀਤੇ ਸਨ, ਜਿਨ੍ਹਾਂ ਨੂੰ ਉਹ ਜਾਣਦਾ ਸੀ ਅਤੇ ਉਨ੍ਹਾਂ ਨੇ ਲੁੱਟ ਦੀ ਵਰਦਾਤ ਕੀਤੀ ਦਿੱਤਾ।

# ਮਨੂੰ ਕੁੱਸਾ ਨੇ ਸਿੱਧੂ ਮੂਸੇਵਾਲਾ ਦੇ ਪਹਿਲੀ ਗੋਲੀ ਮਾਰੀ ਤੇ ਮੌਕੇ ਉੱਤੇ ਹੀ ਮੌਤ ਹੋ ਗਈ

ਮਾਨਸਾ, 7 ਜੁਲਾਈ (ਪੋਸਟ ਬਿਊਰੋ)- ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਦਿੱਲੀ ਪੁਲਸ ਕੋਲ ਰਿਮਾਂਡ ਉੱਤੇ ਚੱਲ ਰਿਹਾ ਸ਼ੂਟਰ ਅੰਕਿਤ ਸੇਰਸਾ ਅਹਿਮ ਖੁਲਾਸੇ ਕਰ ਰਿਹਾ ਹੈ। ਉਸ ਨੇ ਪੁੱਛਗਿੱਛ ਦੌਰਾਨ ਮੰਨਿਆ ਹੈ ਕਿ ਗਾਇਕ ਮੂਸੇਵਾਲਾ ਦੇ ਪਹਿਲੀ ਗੋਲੀ ਮਨਪ੍ਰੀਤ ਮਨੂੰ ਕੁੱਸਾ ਨੇ ਮਾਰੀ ਸੀ।

ਜਾਣਕਾਰ ਸੂਤਰਾਂ ਅਨੁਸਾਰ ਅਪਰਾਧ ਜਗਤ ਵਿੱਚ ਸਭ ਤੋਂ ਛੋਟੀ ਉਮਰ ਦੇ ਸੇਰਸਾ ਨੇ ਮੰਨਿਆ ਹੈ ਕਿ ਉਹ ਮੁੱਖ ਸ਼ੂਟਰ ਪ੍ਰਿਆਵਰਤ ਫ਼ੌਜੀ, ਕਸ਼ਿਸ਼ ਉਰਫ਼ ਕੁਲਦੀਪ ਅਤੇ ਦੀਪਕ ਮੁੰਡੀ ਨਾਲ ਬਲੈਰੋ ਗੱਡੀ ਵਿੱਚ ਸਵਾਰ ਸੀ ਅਤੇ ਕਰੋਲਾ ਗੱਡੀ ਵਿੱਚ ਜਗਰੂਪ ਸਿੰਘ ਰੂਪਾ ਅਤੇ ਮਨਪ੍ਰੀਤ ਮਨੂੰ ਕੁੱਸਾ ਸਵਾਰ ਸਨ। ਪਹਿਲਾਂ ਕਰੋਲਾ ਨੇ ਮੂਸੇਵਾਲਾ ਦੀ ਥਾਰ ਗੱਡੀ ਨੂੰ ਓਵਰਟੇਕ ਕੀਤਾ ਅਤੇ ਥੋੜ੍ਹੀ ਦੇਰ ਵਿੱਚ ਉਹ ਵੀ ਬਲੈਰੋ ਕੋਲ ਪਹੁੰਚ ਗਏ। ਮਨੂੰ ਕੁੱਸਾ ਨੇ ਥਾਰ ਜੀਪ ਉੱਤੇ ਫਾਇਰਿੰਗ ਪਹਿਲਾਂ ਕੀਤੀ, ਜਿਸ ਨਾਲ ਜੀਪ ਦਾ ਟਾਇਰ ਫਟ ਗਿਆ। ਉਸ ਪਿੱਛੋਂ ਕੁੱਸੇ ਨੇ ਸਿੱਧੂ ਨੂੰ ਪਹਿਲੀ ਗੋਲੀ ਮਾਰੀ। ਜਗਰੂਪ ਸਿੰਘ ਰੂਪਾ ਕਰੋਲਾ ਗੱਡੀ ਚਲਾ ਰਿਹਾ ਸੀ, ਜਿਸ ਕਰ ਕੇ ਉਸ ਨੂੰ ਉਤਰਨ

## * ਅੰਕਿਤ ਸੇਰਸਾ ਵੱਲੋਂ ਅਹਿਮ ਖ਼ੁਲਾਸੇ



ਵਿੱਚ ਸਮਾਂ ਲੱਗਿਆ। ਉਸ ਤੋਂ ਬਾਅਦ ਬਲੈਰੋ ਗੱਡੀ ਵਿੱਚ ਸਵਾਰ ਸ਼ਾਰਪ ਸ਼ੂਟਰਾਂ ਨੇ ਮੂਸੇਵਾਲਾ ਉੱਤੇ ਗੋਲੀਆਂ ਦੀ ਵਾਛੜ ਕਰ ਦਿੱਤੀ। ਦਿੱਲੀ ਪੁਲਸ ਦਾ ਦਾਅਵਾ ਹੈ ਕਿ ਹੱਤਿਆ ਵਿੱਚ ਛੇ ਸ਼ੂਟਰ ਸ਼ਾਮਲ ਸਨ, ਜਿਨ੍ਹਾਂ ਵਿੱਚੋਂ ਸ਼ਾਰਪ ਸ਼ੂਟਰ ਪ੍ਰਿਆਵਰਤ ਫ਼ੌਜੀ, ਅੰਕਿਤ ਸੇਰਸਾ ਤੇ ਕਸ਼ਿਸ਼ ਉਰਫ਼ ਕੁਲਦੀਪ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਜਗਰੂਪ ਸਿੰਘ ਰੂਪਾ, ਮਨਪ੍ਰੀਤ ਮਨੂੰ ਕੁੱਸਾ ਅਤੇ ਦੀਪਕ ਮੁੰਡੀ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ ਅਤੇ ਛੇਤੀ ਫੜੇ ਜਾ ਸਕਦੇ ਹਨ।

ਉਧਰ ਗੈਂਗਸਟਰ ਜੱਗੂ ਭਗਵਾਨਪੁਰੀਆ ਦਾ ਪੁਲਸ ਰਿਮਾਂਡ ਖ਼ਤਮ ਹੋਣ ਉਪਰੰਤ ਮਾਨਸਾ ਪੁਲਸ ਵੱਲੋਂ ਉਸ ਨੂੰ ਮੁੜ ਸਥਾਨਕ ਅਦਾਲਤ ਵਿੱਚ ਪੇਸ਼ ਕੀਤਾ। ਅਦਾਲਤ ਨੇ ਜੱਗੂ ਦਾ ਪੰਜ ਦਿਨ ਦਾ ਹੋਰ ਪੁਲਸ ਰਿਮਾਂਡ ਦੇ ਦਿੱਤਾ ਹੈ। ਉਸ ਨੂੰ 11 ਜੁਲਾਈ ਨੂੰ ਮਾਨਸਾ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਜੱਗੂ ਉੱਤੇ ਸਿੱਧੂ ਮੂਸੇਵਾਲਾ ਹੱਤਿਆ ਲਈ ਦੋ

# ਘਰ ਦੀ ਛੱਤ ਤੋਂ ਡਿੱਗੇ ਪ੍ਰਵਾਸੀ ਮਜ਼ਦੂਰ ਦੀ ਮੌਤ

ਚੁਗਿੱਟੀ, 7 ਜੁਲਾਈ (ਪੋਸਟ ਬਿਊਰੋ)- ਥਾਣਾ ਰਾਮਾਮੰਡੀ ਹੇਠਲੇ ਮੁਹੱਲਾ ਚੁਗਿੱਟੀ ਨਾਲ ਲੱਗਦੇ ਸਤਨਾਮ ਨਗਰ ਵਿਖੇ ਕਿਰਾਏ ਦੇ ਮਕਾਨ ਵਿੱਚ ਰਹਿੰਦੇ ਇੱਕ ਪ੍ਰਵਾਸੀ ਵਿਅਕਤੀ ਦੀ ਕੱਲ੍ਹ ਰਾਤ ਘਰ ਦੀ ਛੱਤ ਤੋਂ ਅਚਾਨਕ ਡਿੱਗਣ ਕਰ ਕੇ ਸਿਰ ਵਿੱਚ ਸੱਟ ਲੱਗ ਜਾਣ ਕਾਰਨ ਮੌਤ ਹੋ ਗਈ।

ਏ ਐਸ ਆਈ ਪਰਮਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਸ਼ਾਮ ਬਿਹਾਰੀ (37) ਪੁੱਤਰ ਹਰਦੁਆਰੀ ਮੂਲ ਵਾਸੀ ਪਿੰਡ ਬੈਕੁੰਠ ਜ਼ਿਲ੍ਹਾ ਬਰਿਕਾਈਚ ਯੂ ਪੀ ਹਾਲ ਵਾਸੀ ਸਤਨਾਮ ਨਗਰ ਚੁਗਿੱਟੀ, ਜਲੰਧਰ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਉਹ ਘਰ ਦੀ ਦੂਜੀ ਮੰਜਿਲ ਉੱਤੇ ਸੁੱਤਾ ਪਿਆ ਸੀ। ਛੱਤ ਦੇ ਦੁਆਲੇ ਬਨੇਰਾ ਨਹੀਂ ਸੀ। ਉਹ ਰਾਤ ਨੂੰ ਉਠਣ ਸਮੇਂ ਉਹ ਅਚਾਨਕ ਹੇਠਾਂ ਡਿੱਗ ਪਿਆ, ਜਿਸ ਨਾਲ ਉਸ ਦੇ ਸਿਰ ਉੱਤੇ ਗਹਿਰੀ ਸੱਟ ਲੱਗ ਜਾਣ ਕਾਰਨ ਉਸ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਮ੍ਰਿਤਕ ਦੇ ਭਰਾ ਅਨੁਸਾਰ ਇਹ ਇੱਥੇ ਪਿਛਲੇ ਕਰੀਬ 15 ਸਾਲਾਂ ਤੋਂ ਰਹਿ ਕੇ ਮਿਹਨਤ ਮਜ਼ਦੂਰੀ ਕਰ ਰਿਹਾ ਸੀ।

# ਮਲੋਟ ਤੋਂ ਤਾਮਿਲਨਾਡੂ ਲਈ ਭੇਜੇ ਖੇਤੀ ਸੰਦ ਰਸਤੇ ਵਿੱਚੋਂ ਗ਼ਾਇਬ

ਮਲੋਟ, 7 ਜੁਲਾਈ (ਪੋਸਟ ਬਿਊਰੋ)- ਏਥੋਂ ਦੀ ਖੇਤੀਬਾੜੀ ਸੰਦ ਬਣਾਉਂਦੀ ਫਰਮ ਵੱਲੋਂ ਟਰੱਕਾਂਰਾਹੀਂ ਤਾਮਿਲਨਾਡੂ ਭੇਜੇ ਗਏ ਥਰੈਸ਼ਰ ਰਸਤੇ ਵਿੱਚ ਖੁਰਦ-ਬੁਰਦ ਕਰਨ ਦੇ ਦੋਸ਼ ਵਿੱਚ ਮਲੋਟ ਸਿਟੀ ਪੁਲਸ ਨੇ ਟਰਾਂਸਪੋਰਟਰ ਸਮੇਤ ਤਿੰਨ ਜਣਿਆਂ ਵਿਰੁੱਧ ਕੇਸ ਦਰਜ ਕੀਤਾ ਹੈ। ਪੁਲਸ ਨੇ ਇਹ ਕਾਰਵਾਈ ਜ਼ਿਲ੍ਹਾ ਪੁਲਸ ਮੁਖੀ ਦੀਆਂ ਹਦਾਇਤਾਂ ਉੱਤੇ ਕੀਤੀ ਤੇਦੋਸ਼ੀਆਂ ਵਿਰੁੱਧ ਅਗਲੀ ਕਾਰਵਾਈ ਕਰਨ ਵਿੱਚ ਰੁੱਝ ਗਈ ਹੈ।

ਪਤਾ ਲੱਗਾ ਹੈ ਕਿ ਗੁਰੂ ਹਿੰ-ਦੁਸਤਾਨ ਐਗਰੋ ਇੰਡਸਟਰੀਜ਼ ਦੇ ਸੰਚਾਲਕ ਜਸਪਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਨੇ ਐਸ ਐਸ ਪੀ ਸ੍ਰੀ ਮੁਕਤਸਰ ਸਾਹਿਬ ਨੂੰ ਕੀਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਨ੍ਹਾਂ ਨੇ ਮਲੋਟ ਤੋਂ ਆਥੀਯੂਰ ਨਾਥਰ (ਤਾਮਿਲਨਾਡੂ) ਲਈ ਥਰੈਸ਼ਰ ਭੇਜਣ ਵਾਸਤੇ ਮਲੋਟ ਦੇ ਟਰਾਂਸਪੋਰਟ ਅਤੇ ਲੇਬਰ ਠੇਕੇਦਾਰੀ ਦਾ ਕੰਮ ਕਰਦੇ ਜਤਿੰਦਰ ਸਿੰਘ ਉਰਫ਼ ਤਪਾ ਪੁੱਤਰ ਜਗਰੂਪ ਸਿੰਘ ਵਾਸੀ ਮਲੋਟ ਰਾਹੀਂ ਕੈਲਾਸ਼ ਬਾਗੜਾ ਮਾਲਿਕ ਬੀ ਐਸ ਐਮ ਲਾਜਿਸਟਿਕ, ਟਰਾਂਸਪੋਰਟ ਨਗਰ ਲੁਧਿਆਣਾ ਤੋਂ ਟਰੱਕ ਵਿੱਚ 14 ਲੱਖ 10 ਹਜ਼ਾਰ 204 ਰੁਪਏ ਦੀ ਰਕਮ ਦੇ ਥਰੈਸ਼ਰ ਲੋਡ ਕਰ ਕੇ ਤਾਮਿਲ ਨਾਡੂ ਲਈ ਭੇਜੇ ਸਨ ਅਤੇ ਟਰੱਕ ਦੇ ਤੈਅ ਹੋਏ ਕਿਰਾਏ 1 ਲੱਖ 80 ਹਜ਼ਾਰ ਰੁਪਏ ਵਿੱਚੋਂ ਥਰੈਸ਼ਰ ਖਰੀਦਣ ਵਾਲੀ ਤਾਮਿਲਨਾਡੂ ਦੀ ਪਾਰਟੀ ਟਰਾਂਸਪੋਰਟ ਦੇ ਖਾਤੇ ਵਿੱਚ 1 ਲੱਖ 40 ਹਜ਼ਾਰ ਰੁਪਏ ਕਿਰਾਏ ਵਿੱਚੋਂ ਐਡਵਾਂਸ ਜਮ੍ਹਾ ਕਰਵਾ ਦਿੱਤੇ ਸਨ, ਬਾਕੀ ਕਿਰਾਇਆ ਮਾਲ ਪਹੁੰਚਣ ਉੱਤੇ ਦੇਣ ਦਾ ਵਾਅਦਾ ਕੀਤਾ ਸੀ। ਇਸ ਟਰੱਕ ਨੇ ਤਾਮਿਲਨਾਡੂ ਦੀ ਕੈਲਾਸ਼ ਬਾਗੜਾ ਪਾਰਟੀ ਕੋਲ 1 ਫਰਵਰੀ 2022 ਨੂੰ ਪੁੱਜਣਾ ਸੀ ਪਰ ਟਰੱਕ ਮਾਲ ਲੈ ਕੇ ਓਥੇ ਨਹੀਂ ਪੁੱਜਿਆ।

ਜਦੋਂ ਇਸ ਬਾਰੇ ਜਸਪਿੰਦਰ ਸਿੰਘ ਨੇ ਠੇਕੇਦਾਰ ਜਤਿੰਦਰ ਸਿੰਘ ਅਤੇ ਟਰਾਂਸਪੋਰਟਰ ਕੈਲਾਸ਼ ਬਾਗੜਾ ਨਾਲ ਗੱਲ ਕੀਤੀ ਤਾਂ ਤਸੱਲੀਬਖ਼ਸ਼ ਜਵਾਬ ਨਾ ਮਿਲਿਆ, ਇਸ ਤਰ੍ਹਾਂ ਮਾਲ ਗਾਇਬਹੋਣ ਉੱਤੇ ਜਸਪਿੰਦਰ ਸਿੰਘ ਨੇ ਇਹ ਕੇਸਐਸ ਐਸ ਪੀ ਸ੍ਰੀ ਮੁਕਤਸਰ ਸਾਹਿਬ ਦੇ ਧਿਆਨ ਵਿੱਚ ਲਿਆਂਦਾ। ਐਸ ਐਸ ਪੀ ਵੱਲੋਂ ਇਸ ਕੇਸ ਦੀ ਪੜਤਾਲ ਡੀ ਐੱਸ ਪੀ ਗਿੱਦੜਬਾਹਾ ਤੋਂ ਕਰਾਈ ਤੇ ਫਿਰ ਮਲੋਟ ਪੁਲਸ ਨੇ ਠੇਕੇਦਾਰ ਜਤਿੰਦਰ ਸਿੰਘ ਉਰਫ਼ ਤਪਾ ਪੁੱਤਰ ਜਗਰੂਪ ਸਿੰਘ ਵਾਸੀ ਸੂਰਜ ਨਗਰ, ਮਲੋਟ ਟਰਾਂਸਪੋਰਟਰ ਬੀ ਸੀ ਐਮ ਲਾ-ਜਸਟਿਕ, ਲੁਧਿਆਣਾ ਅਤੇ ਡਰਾਈਵਰ ਜਗਦੀਸ਼ ਪੁੱਤਰ ਨੱਥੂ ਪਿੰਡ ਨਾਂਦਰਾ ਤਹਿਸੀਲ ਨਸੀਰਾਬਾਦ ਜ਼ਿਲ੍ਹਾ ਅਜਮੇਰ ਰਾਜਸਥਾਨ ਵਿਰੁੱਧ ਕੇਸ ਦਰਜ ਕੀਤਾ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ



BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)
416-454-3031
647-784-8240
Email: tochisangha1@hotmail.com

CANADIAN
GLASS AND WINDOW




## ਸਰਕਾਰ ਦੇ ਹੁਕਮਾਂ ਨੂੰ ਟਵਿੱਟਰ ਵੱਲੋਂ ਕਰਨਾਟਕ ਹਾਈ ਕੋਰਟ ਵਿੱਚ ਚੁਣੌਤੀ



ਨਵੀਂ ਦਿੱਲੀ, 7 ਜੁਲਾਈ (ਪੋਸਟ ਬਿਊਰੋ)- ਟਵਿੱਟਰ ਨੇ ਕਰਨਾਟਕ ਹਾਈ ਕੋਰਟ ਵਿੱਚ ਅਰਜ਼ੀ ਪੇਸ਼ ਕਰ ਕੇ ਸਰਕਾਰ ਦੇ ਨਵੇਂ ਆਈ ਟੀ ਨਿਯਮਾਂ ਤਹਿਤ ਜਾਰੀ ਸਮੱਗਰੀ ਹਟਾਉਣ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਹੈ।

ਕੰਪਨੀ ਦਾ ਕਹਿਣਾ ਹੈ ਕਿ ਅਫਸਰਾਂ ਨੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਹੈ। ਟਵਿੱਟਰ ਨੇ ਅਦਾਲਤ ਤੋਂ ਸਮੱਗਰੀ ਬਲਾਕ ਕਰਨ ਦੇ ਹੁਕਮਾਂ ਦੀ ਨਿਆਂਇਕ ਸਮੀਖਿਆ ਕਰਨ ਦੀ ਅਪੀਲ ਕੀਤੀ ਹੈ। ਮਾਈਕਰੋਬਲਾਗਿੰਗ ਸਾਈਟ ਟਵਿੱਟਰ ਨੇ ਜੂਨ 2022 ਵਿੱਚ ਜਾਰੀ ਇੱਕ ਸਰਕਾਰੀ ਹੁਕਮ ਨੂੰ ਚੁਣੌਤੀ ਦੇਂਦਿਆਂ ਕਿਹਾ ਹੈ ਕਿ ਸਮੱਗਰੀ ਬਲਾਕ ਕਰਨ ਦਾ ਹੁਕਮ ਮਨਮਰਜ਼ੀ ਵਾਲਾ ਹੈ। ਟਵਿੱਟਰ ਰਿੱਟ ਪਟੀਸ਼ਨ ਬਾਰੇ ਜਾਣੂ ਸੂਤਰਾਂ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਸਰਕਾਰ ਦੀਆਂ ਕਈ ਅਪੀਲਾਂ ਸਿਆਸੀ ਸਮੱਗਰੀ ਖਿਲਾਫ ਕਾਰਵਾਈ ਲਈ ਹਨ। ਇਹ ਸਮੱਗਰੀ ਸਿਆਸੀ ਪਾਰਟੀਆਂ ਦੇ ਅਧਿਕਾਰਤ ਹੈਂਡਲਾਂ ਤੋਂ ਪੋਸਟ ਹੋਈਆਂ ਹਨ, ਇਸ ਲਈ ਏਦਾਂ ਦੀ ਜਾਣਕਾਰੀ ਨੂੰ ਬਲਾਕ ਕਰਨਾ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਹੋਵੇਗੀ, ਜੋ ਕੰਪਨੀ ਨੇ ਮੰਚ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਦਿੱਤੀ ਹੈ। ਸੂਤਰਾਂ ਨੇ ਕਿਹਾ, ''ਜਿਸ ਸਮੱਗਰੀ ਨੂੰ ਬਲਾਕ ਕਰਨ ਦੀ ਅਪੀਲ ਕੀਤੀ ਗਈ ਹੈ, ਉਸ ਦਾ ਆਈ ਟੀ ਐਕਟ ਦੀ ਧਾਰਾ 69ਏ ਤਹਿਤ ਕੋਈ ਲੈਣਾ-ਦੇਣਾ ਨਹੀਂ।'' ਇਸ ਐਕਟ ਹੇਠ ਕੇਂਦਰ ਜਾਂ ਇਸ ਵੱਲੋਂ ਅਧਿਕਾਰਤ ਅਧਿਕਾਰੀ ਦੇਸ਼ ਦੀ ਪ੍ਰਭੂਸੱਤਾ ਤੇ ਅਖੰਡਤਾ, ਦੇਸ਼ ਦੀ ਰੱਖਿਆ, ਵਿਦੇਸ਼ਾਂ ਨਾਲ ਦੋਸਤਾਨਾ ਸਬੰਧਾਂ ਦੀ ਰਾਖੀ ਲਈ ਕਿਸੇ ਸੂਚਨਾ ਨੂੰ ਬਲਾਕ ਕਰਨ ਲਈ ਕਹਿ ਸਕਦਾ ਹੈ। ਇਸ ਸਬੰਧੀ ਟਵਿੱਟਰ ਅਤੇ ਇਲੈਕਟ੍ਰੌਨਿਕਸ ਮੰਤਰਾਲੇ ਨੂੰ ਈ-ਮੇਲ ਭੇਜ ਕੇ ਸਵਾਲ ਪੁੱਛੇ ਸਨ, ਪਰ ਹਾਲੇ ਉਨ੍ਹਾਂ ਦਾ ਕੋਈ ਜਵਾਬ ਨਹੀਂ ਮਿਲਿਆ। ਇਲੈਕਟ੍ਰੌਨਿਕਸ ਤੇ ਸੂਚਨਾ ਤਕਨਾਲੋਜੀ ਦੇ ਰਾਜ ਮੰਤਰੀ ਰਾਜੀਵ ਚੰਦਰਸ਼ੇਖਰ ਨੇ ਟਵਿੱਟਰ ਉੱਤੇ ਇਹ ਲਿਖਿਆ ਹੈ, ''ਸਾਰੇ ਮੰਚਾਂ ਨੂੰ ਅਦਾਲਤ ਜਾਣ ਦਾ ਅਧਿਕਾਰ ਹੈ, ਪਰ ਕਾਨੂੰਨ ਦੀ ਪਾਲਣਾ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ।'' ਜਾਣਕਾਰ ਸੂਤਰਾਂ ਅਨੁਸਾਰ ਟਵਿੱਟਰ ਦੀ ਪਟੀਸ਼ਨ ਅਨੁਸਾਰ ਧਾਰਾ 69 ਏ ਹੇਠ ਸਮੱਗਰੀ ਬਲਾਕ ਕਰਨ ਬਾਰੇ ਹੁਕਮ ਜਾਰੀ ਕੀਤੇ ਗਏ ਹਨ, ਪਰ ਉਸ ਵਿੱਚ ਇਹ ਨਹੀਂ ਦੱਸਿਆ ਗਿਆ ਕਿ ਸੰਬੰਧਤ ਸਮੱਗਰੀ ਧਾਰਾ 69 ਏ ਦੀ ਉਲੰਘਣਾ ਕਿਵੇਂ ਕਰਦੀ ਹੈ। ਸੂਤਰ ਨੇ ਕਿਹਾ, ''ਟਵਿੱਟਰ ਨੇ ਅਦਾਲਤ ਕੋਲੋਂ ਸਮੱਗਰੀ ਬਲਾਕ ਕਰਨ ਦੇ ਹੁਕਮਾਂ ਦੀ ਨਿਆਇਕ ਸਮੀਖਿਆ ਕਰਨ ਦੀ ਅਪੀਲ ਕੀਤੀ ਹੈ।''

# ਚਿਨਾਬ ਪਾਵਰ ਪ੍ਰੋਜੈਕਟ ਰਿਸ਼ਵਤ ਕੇਸ ਵਿੱਚ ਸੀ ਬੀ ਆਈ ਦੇ ਛਾਪੇ

### * ਦਿੱਲੀ ਤੇ ਮੁੰਬਈ ਸਮੇਤ 16 ਥਾਵਾਂ ਉੱਤੇ ਛਾਪੇਮਾਰੀ * 300 ਕਰੋੜ ਦੀ ਰਿਸ਼ਵਤ ਦੀ ਪੇਸ਼ਕਸ਼ ਦਾ ਦਾਅਵਾ

ਸ੍ਰੀਨਗਰ, 7 ਜੁਲਾਈ (ਪੋਸਟ ਬਿਊਰੋ)- ਕਿਸ਼ਤਵਾੜ ਵਿੱਚ ਚਿਨਾਬ ਦਰਿਆ ਉੱਤੇਬਣਦੇ ਕੀਰੂ ਪਣ ਬਿਜਲੀ ਪ੍ਰੋਜੈਕਟ ਦੇ ਸਿਵਲ ਕਾਰਜਾਂ ਦੇ ਠੇਕੇ ਦੀ ਵੰਡ ਵਿੱਚ ਹੋਈਆਂ ਹੇਰਾਫੇਰੀਆਂ ਦੀ ਜਾਂਚ ਕਰ ਰਹੀ ਸੀ ਬੀ ਆਈ ਨੇ ਕੱਲ੍ਹ ਸ੍ਰੀਨਗਰ, ਜੰਮੂ, ਦਿੱਲੀ, ਪਟਨਾ ਤੇ ਮੁੰਬਈ ਸਮੇਤ 16 ਥਾਂਈਂ ਛਾਪੇ ਮਾਰੇ। ਇਹ ਛਾਪੇ ਜੰਮੂ ਕਸ਼ਮੀਰ ਦੇ ਸਾਬਕਾ ਵਿੱਤ ਕਮਿਸ਼ਨਰ ਨਵੀਨ ਕੁਮਾਰ ਚੌਧਰੀ, ਕੁਝ ਵਿਚੋਲਿਆਂ ਤੇ ਕੰਮ ਕਰਨ ਵਾਲੀ ਏਜੰਸੀ ਪਟੇਲ ਇੰਜੀਨੀਅਰਿੰਗ ਕੰਪਨੀ ਦੇ ਅਧਿਕਾਰੀਆਂ ਦੇ ਟਿਕਾਣਿਆਂ ਉੱਤੇ ਪਏ ਹਨ। ਨਵੀਨ ਕੁਮਾਰ ਚੌਧਰੀ ਅੱਜਕੱਲ੍ਹ ਮਿਜ਼ੋਰਮ ਵਿੱਚ ਤੈਨਾਤ ਹਨ।

ਸੀ ਬੀ ਆਈ ਅਧਿਕਾਰੀਆਂ ਨੇ ਇਨ੍ਹਾਂ ਛਾਪਿਆਂ ਵਿੱਚ ਲੱਖਾਂ ਰੁਪਏ ਦੇ ਲੈਣ-ਦੇਣ ਦੇ ਨਾਮੀ-ਬੇਨਾਮੀ ਦਸਤਾਵੇਜ਼ ਤੇ ਕੁਝ ਡਿਜੀਟਲ ਜੰਤਰ ਵੀ ਆਪਣੇ ਕਬਜ਼ੇ ਵਿੱਚ ਲਏ ਹਨ। 2 ਕੁੱਲ 200 ਕਰੋੜ ਦੇ ਕੀਰੂ ਪਣ ਬਿਜਲੀ ਪ੍ਰੋਜੈਕਟ ਵਿੱਚ ਵਿੱਤੀ ਬੇਨਿਯਮੀ ਦਾ ਕੇਸ ਦੱਸਿਆ ਜਾਂਦਾ ਹੈ। ਜੰਮੂ-ਕਸ਼ਮੀਰ ਦੇ ਸਾਬਕਾ ਗਵਰਨਰ ਸਤਿਆਪਾਲ ਮਲਿਕ ਨੇ ਬੀਤੇ ਸਾਲ ਰਾਜਸਥਾਨ ਵਿੱਚ ਇੱਕ ਸਮਾਗਮ ਵਿੱਚ ਦੋਸ਼ ਲਾਇਆ ਸੀ ਕਿ ਉਨ੍ਹਾਂ ਨੂੰ ਇੱਕ ਬਿਜਲੀ ਪ੍ਰੋਜੈਕਟ ਤੇ ਸਰਕਾਰੀ ਮੁਲਾਜ਼ਮਾਂ ਦੀ ਸਿਹਤ




ਬੀਮਾ ਯੋਜਨਾ ਦੀਆਂ ਦੋ ਫਾਈਲਾਂ ਦੀ ਮਨਜ਼ੂਰੀ ਲਈ 150-150 ਕਰੋੜ ਦੀ ਰਿਸ਼ਵਤ ਪੇਸ਼ ਹੋਈ ਸੀ। ਇਸ ਤੋਂ ਬਾਅਦ ਮੌਜੂਦਾ ਲੈਫਟੀਨੈਂਟਗਵਰਨਰ ਮਨੋਜ ਸਿਨਹਾ ਨੇ ਬੀਤੇ ਅਪ੍ਰੈਲ ਵਿੱਚ ਸੀ ਬੀ ਆਈ ਨੂੰ ਸਤਿਆਪਾਲ ਮਲਿਕ ਦੇ ਦੋਸ਼ਾਂ ਦੀ ਜਾਂਚ ਲਈ ਕਿਹਾ ਸੀ। ਸੀ ਬੀ ਆਈ ਨੇ 20 ਅਪ੍ਰੈਲ ਨੂੰ ਇਸ ਬਾਰੇ ਦੋ ਸ਼ਿਕਾਇਤ ਦਰਜ ਕੀਤੀਆਂ ਸਨ। ਇੱਕ ਸ਼ਿਕਾਇਤ ਸਰਕਾਰੀ ਮੁਲਾਜ਼ਮ ਸਿਹਤ ਬੀਮਾ ਯੋਜਨਾ ਅਤੇ ਦੂਜੀ ਜਲ ਬਿਜਲੀ ਪ੍ਰੋਜੈਕਟ ਵਿੱਚ ਹੇਰਾਫੇਰੀ ਬਾਰੇ ਹੈ।

ਕੱਲ੍ਹ ਸੀ ਬੀ ਆਈ ਦੀ ਟੀਮ ਨੇ ਸ੍ਰੀਨਗਰ ਵਿੱਚ ਦੋ, ਜੰਮੂ ਵਿੱਚ ਪੰਜ, ਦਿੱਲੀ ਵਿੱਚ ਪੰਜ, ਮੁੰਬਈ ਵਿੱਚ ਤਿੰਨ ਤੇ ਪਟਨੇਦੀ ਇੱਕ ਥਾਂ ਸਮੇਤ ਕੁੱਲ 16 ਟਿਕਾਣਿਆਂ ਦੀ ਤਲਾਸ਼ੀ ਲਈ। ਪਤਾ ਲੱਗਾ ਹੈ ਕਿ ਸੀ ਬੀ ਆਈ ਨੇ ਤਿੰਨ ਮਹੀਨੇ ਦੀ ਜਾਂਚ ਦੌਰਾਨ ਦੋਸ਼ੀ ਅਫਸਰਾਂ ਤੇ ਹੋਰ ਅਧਿਕਾਰੀਆਂ, ਸੀ ਵੀ ਪੀ ਪੀ ਐਲ ਦੇ ਓਦੋਂ ਦੇ ਚੇਅਰਮੈਨ ਤੇ ਉਸ ਦੇ ਦਲਾਲਾਂ ਵਿਚਾਲੇ ਵਿੱਤੀ ਲੈਣ-ਦੇਣ ਦਾ ਪਤਾ ਲਾਇਆ ਹੈ। ਉਸੇ ਲਈ ਕੱਲ੍ਹ ਪਟੇਲ ਇੰਜੀਨੀਅਰਿੰਗ ਲਿਮਟਿਡ ਦੇ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਰੂਪਨ ਪਟੇਲ ਦੇ ਮੁੰਬਈ ਵਾਲੇ ਟਿਕਾਣਿਆਂ, ਜੰਮੂ ਸਥਿਤ ਵਿਜੈ ਕੁਮਾਰ ਨਾਂਅ ਦੇ ਕਾਰੋਬਾਰੀ ਤੇ ਦਿੱਲੀ ਵਿਚਲੇ ਅਮਰਿੰਦਰ ਸਿੰਘ ਨਾਂਅ ਦੇ ਇੱਕ ਵਿਅਕਤੀ ਦੇ ਅੱਡਿਆਂ ਉੱਤੇਛਾਪੇ ਪਏ ਹਨ। ਇਹ ਤਿੰਨੇ ਨਵੀਨ ਕੁਮਾਰ ਚੌਧਰੀ ਦੇ ਵਿਚੋਲੇ ਦਾ ਕੰਮ ਕਰਦੇ ਸਨ। ਸੂਤਰਾਂ ਮੁਤਾਬਕ ਵਿਜੈ ਕੁਮਾਰ ਦਾ ਇੱਕ ਰਿਜ਼ਾਰਟ ਹੈ, ਜਿਸ ਤੋਂ ਨਵੀਨ ਕੁਮਾਰ ਚੌਧਰੀ ਦੀ ਪਤਨੀ ਦੇ ਖਾਤਿਆਂ ਵਿੱਚ ਪੈਸੇ ਦਾ ਲੈਣ-ਦੇਣ ਹੋਇਆ ਹੈ। ਸ੍ਰੀਨਗਰ ਵਿੱਚ ਸ਼ਾਹਿਦ ਅਹਿਮਦ ਕਾਮਿਲੀ ਨਾਂਅ ਦੇ ਕਾਰੋਬਾਰੀ ਦੇ ਟਿਕਾਣਿਆਂ ਦੀ ਤਲਾਸ਼ੀ ਲਏ ਜਾਣ ਦੀ ਵੀ ਸੂਚਨਾ ਹੈ। ਸ਼ਾਹਿਦ ਦਾ ਲੋਹੇ ਦਾ ਕਾਰੋਬਾਰ ਹੈ।

## ਹਰਿਆਣੇ ਵਿੱਚ ਸੱਤ ਹਜ਼ਾਰ ਸਿਪਾਹੀਆਂ ਦੀ ਜੁਆਈਨਿੰਗ ਉੱਤੇ ਰੋਕ

ਚੰਡੀਗੜ੍ਹ, 7 ਜੁਲਾਈ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਹਰਿਆਣੇ ਵਿੱਚ ਸਿਪਾਹੀਆਂ ਦੀ ਵੱਡੀ ਭਰਤੀ ਵਿਰੁੱਧ ਪਟੀਸ਼ਨ ਉੱਤੇ ਸੁਣਵਾਈ ਕਰਦਿਆਂ ਕੱਲ੍ਹ ਲੱਗਭਗ ਪੰਜ ਹਜ਼ਾਰ ਪੁਰਸ਼ ਤੇ ਦੋ ਹਜ਼ਾਰ ਮਹਿਲਾ ਸਿਪਾਹੀਆਂ ਦੀ ਜੁਆਈਨਿੰਗ ਉੱਤੇ ਰੋਕ ਲਾ ਦਿੱਤੀ ਹੈ। ਇਨ੍ਹਾਂ ਦੀ ਸਿਲੈਕਸ਼ਨ ਹੋ ਚੁੱਕੀ ਹੈ ਤੇ ਜੁਆਈਨਿੰਗ ਅਜੇ ਬਾਕੀ ਸੀ ਤੇ ਕੁਝ ਅਸਫ਼ਲ ਉਮੀਦਵਾਰ ਪਟੀਸ਼ਨਰਾਂ ਦੇ ਵਕੀਲ ਜਸਬੀਰ ਮੋਰ ਨੇ ਹਾਈ ਕੋਰਟ ਦਾ ਧਿਆਨ ਦਿਵ-ਾਇਆ ਕਿ ਪਟੀਸ਼ਨਾਂ ਦੀ ਸੁਣਵਾਈ ਦੌਰਾਨ ਪਹਿਲਾਂ ਸਿਲੈਕਸ਼ਨ ਨੂੰ ਅੰਤਮ ਰੂਪ ਦੇ ਦਿੱਤਾ ਗਿਆ ਤੇ ਜੇ ਰੋਕ ਨਾ ਲਾਈ ਗਈ ਤਾਂ ਜੁਆਈਨਿੰਗ ਵੀ ਕਰਵਾ ਦਿੱਤੀ ਜਾਵੇਗੀ ਤੇ ਅਜਿਹੇ ਵਿੱਚ ਪਟੀਸ਼ਨਾਂ ਦੀ ਕੋਈ ਮਹੱਤਤਾ ਨਹੀਂ ਬਚੇਗੀ।

ਹਾਈ ਕੋਰਟ ਨੇ ਸੁਣਵਾਈ ਉੱਤੇ ਰੋਕ ਲਾ ਕੇ ਹਰਿਆਣਾ ਸਟਾਫ਼ ਸਿਲੈਕਸ਼ਨ ਕਮਿਸ਼ਨ ਨੂੰ ਲਿਖਤੀ ਪ੍ਰੀਖਿਆ ਦੇ ਉਮੀਦਵਾਰਾਂ ਵਿੱਚੋਂ ਸਰੀਰਕ ਪ੍ਰੀਖਿਆ ਲਈ ਕੀਤੀ ਚੋਣ ਦੀ ਪ੍ਰਕਿਰਿਆ ਦਾ ਡਾਟਾ ਅਤੇ ਟੇਬਲ ਪੇਸ਼ ਕਰਨ ਦੀ ਹਿਦਾਇਤ ਕੀਤੀ ਹੈ। ਐਡਵੋਕੇਟ ਮੋਰ ਦੇ ਮੁਤਾਬਕ ਲਿਖਤੀ ਪ੍ਰੀਖਿਆ ਵਿੱਚ ਕਈ ਉਮੀਦਵਾਰਾਂ ਦੇ ਵੱਧ ਨੰਬਰ ਸੀ, ਪਰ ਸਰੀਰਕ ਪ੍ਰੀਖਿਆ ਲਈ ਉਨ੍ਹਾਂ ਤੋਂ ਘੱਟ ਨੰਬਰਾਂ ਵਾਲੇ ਬਿਨੈਕਾਰਾਂ ਨੂੰ ਚੁਣ ਲਿਆ ਗਿਆ ਅਤੇ ਵੱਧ ਵਾਲਿਆਂ ਨੂੰ ਸੂਚੀ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਇਸ ਦੇ ਜਵਾਬ ਵਿੱਚ ਐਸ ਐਸ ਸੀ ਨੇ ਹਾਈ ਕੋਰਟ ਵਿੱਚ ਕਿਹਾ ਕਿ ਲਿਖਤੀ ਪ੍ਰੀਖਿਆ ਵਿੱਚ ਵੱਖ-ਵੱਖ ਪ੍ਰਸ਼ਨ ਪੱਤਰ ਸੀ ਤੇ ਕਈ ਥਾਈਂ ਔਖੇ ਪ੍ਰਸ਼ਨ ਦਿੱਤੇ ਸੀ, ਜਿਸ ਕਾਰਨ ਲਿਖਤੀ ਪ੍ਰੀਖਿਆ ਦੇ ਸਫ਼ਲ ਉਮੀਦਵਾਰਾਂ ਵਿੱਚੋਂ ਜਨਰਲ ਨਤੀਜਾ ਤਿਆਰ ਕਰ ਕੇ ਸਰੀਰਕ ਪ੍ਰੀਖਿਆ ਦੀ ਮੈਰਿਟ ਬਣਾਈ ਸੀ।ਇਸ ਦੇ ਉਲਟ ਪਟੀਸ਼ਨਰ ਧਿਰ ਦੇ ਵਕੀਲ ਨੇ ਦਲੀਲ ਦਿੱਤੀ ਕਿ ਹਾਈ ਕੋਰਟ ਵਿੱਚ ਚੱਲੇ ਇੱਕ ਹੋਰ ਕੇਸ ਵਿੱਚ ਐਸ ਐਸ ਸੀ ਨੇ ਕਿਹਾ ਸੀ ਕਿ ਵੱਖ-ਵੱਖ ਪ੍ਰਸ਼ਨ ਪੱਤਰਾਂ ਕਾਰਨ ਜਨਰਲ ਮੈਰਿਟ ਤਿਆਰ ਨਹੀਂ ਕੀਤੀ ਜਾ ਸਕਦੀ। ਪਟੀਸ਼ਨਰਾਂ ਦੀ ਇਸੇ ਦਲੀਲ ਉੱਤੇ ਹਾਈ ਕੋਰਟ ਨੇ ਐਸ ਐਸ ਸੀ ਵੱਲੋਂ ਸਿਪਾਹੀ ਭਰਤੀ ਲਈ ਲਿਖਤੀ ਪ੍ਰੀਖਿਆ ਉਪਰੰਤ ਸਰੀਰਕ ਪ੍ਰੀਖਿਆ ਲਈ ਮੈਰਿਟ ਤਿਆਰ ਕਰਨ ਦੀਆਂ ਵੱਖ-ਵੱਖ ਵਿਧੀਆਂ ਦਾ ਡਾਟਾ ਤਲਬ ਕਰ ਲਿਆ ਹੈ ਤੇ ਚੁਣੇ ਹੋਏ ਲੋਕਾਂ ਦੀ ਜੁਆਈਨਿੰਗ ਰੋਕ ਦਿੱਤੀ ਹੈ।

## ਸਿੱਖ ਵਿਰੋਧੀ ਦੰਗਿਆਂ ਦੇ ਕੇਸ ਵਿੱਚ ਦੋ ਗ੍ਰਿਫਤਾਰ

ਕਾਨਪੁਰ, 7 ਜੁਲਾਈ (ਪੋਸਟ ਬਿਊਰੋ)- ਸਾਲ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਜਾਂਚ ਕਰ ਰਹੀ ਐਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਨੇ ਮੰਗਲਵਾਰ ਰਾਤ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ। ਦੋਵੇਂ ਜਣੇ ਬਲਾਕ ਕਿਦਵਈ ਨਗਰ ਵਿੱਚ ਹੋਏ ਦੰਗਿਆਂ ਲਈ ਦੋਸ਼ੀ ਨਾਮਜ਼ਦ ਸਨ। ਅਸਲ ਵਿੱਚ ਐਸ ਆਈ ਟੀ ਨਿਰਾਲਾ ਨਗਰ ਕਤਲ ਕੇਸ ਨਾਲ ਜੁੜੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਰਹੀ ਸੀ, ਪਰ ਮੰਗਲਵਾਰ ਰਾਤ ਕੇ ਬਲਾਕ ਕਿਦਵਈ ਨਗਰ ਕਤਲ ਕੇਸ ਨਾਲ ਜੁੜੇ ਮਾਮਲੇ ਵਿੱਚ ਗ੍ਰਿਫਤਾਰੀਆਂ ਹੋਈਆਂ। ਦੂਜੇ ਪਾਸੇ ਉਸ ਵਕਤ ਦੀ ਕਾਂਗਰਸ ਦੀ ਰਾਜ ਸਰਕਾਰ ਵਿੱਚ ਸਾਬਕਾ ਰਾਜ ਮੰਤਰੀ ਰਹੇ ਸ਼ਿਵਨਾਥ ਸਿੰਘ ਕੁਸ਼ਵਾਹਾ ਦੇ ਭਤੀਜੇ ਰਾਘਵੇਂਦਰ ਕੁਸ਼ਵਾਹਾ ਦੀ ਭਾਲ ਵਿੱਚ ਐਸ ਆਈ ਟੀ ਨੇ ਘਾਟਮਪੁਰ ਤੇ ਕਾਨਪੁਰ ਵਿੱਚ ਕਰੀਬ ਅੱਧੀ ਦਰਜਨ ਥਾਵਾਂ ਉੱਤੇ ਛਾਪੇ ਮਾਰੇ, ਪਰ ਉਹ ਕਿਤੇ ਨਹੀਂ ਮਿਲਿਆ।

ਵਰਣਨ ਯੋਗ ਹੈ ਕਿ 31 ਅਕਤੂਬਰ 1984 ਨੂੰ ਓਦੋਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਕਾਨਪੁਰ ਵਿੱਚ ਹੋਈ ਸਿੱਖ ਵਿਰੋਧੀ ਹਿੰਸਾ ਵਿੱਚ 127 ਸਿੱਖ ਮਾਰੇ ਗਏ ਸਨ। ਸਰਕਾਰ ਦੇ ਹੁਕਮ ਉੱਤੇਇਸ ਦੀ ਜਾਂਚ ਐਸ ਆਈ ਟੀ ਵੱਲੋਂ ਕੀਤੀ ਜਾ ਰਹੀ ਹੈ। ਪਿਛਲੇ ਦਿਨੀਂ ਐਸ ਆਈ ਟੀ ਨੇ ਦੰਗਿਆਂ ਦੇ ਕੁਝ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜਿਆ ਹੈ। ਇਸ ਕੇਸ ਵਿੱਚ 27 ਮੁਲਾਜ਼ਮਾਂ ਦੀ ਪਛਾਣ ਹੋ ਚੁੱਕੀ ਹੈ। ਦੂਜੇ ਪਾਸੇ ਐਸ ਆਈ ਟੀ ਦੀ ਇੱਕ ਹੋਰ ਟੀਮ ਨੇ ਕਿਦਵਈ ਨਗਰ ਹੱਤਿਆ ਕਾਂਡ ਨਾਲ ਜੁੜੇ ਦੋ ਦੋਸ਼ੀ ਗ੍ਰਿਫਤਾਰ ਕੀਤੇ ਹਨ। ਐਸ ਆਈ ਟੀ ਦੇ ਡੀ ਆਈ ਜੀ ਬਾਲੇਂਦੂ ਭੂਸ਼ਣ ਨੇ ਕਿਹਾ ਕਿ ਕੱਲ੍ਹ ਰਾਤ ਦੀ ਛਾਪੇਮਾਰੀ ਵਿੱਚ ਪੁਲਸ ਨੇ ਕੇ ਬਲਾਕ ਕਿਦਵਈ ਨਗਰ ਕਤਲ ਕਾਂਡ ਦੇ ਮਾਮਲੇ ਵਿੱਚ ਗੋਪਾਲ ਗੁਪਤਾ ਉਰਫ ਬੱਬੂ ਗੁਪਤਾ ਅਤੇ ਜਤਿੰਦਰ ਕੁਮਾਰ ਤਿਵਾੜੀ ਨੂੰ ਗ੍ਰਿਫਤਾਰ ਕਰ ਕੇ ਦੋਵਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਸੀ, ਜਿੱਥੋਂ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ।

ਕਿਦਵਈ ਨਗਰ ਵਿੱਚ ਇੱਕ ਨਵੰਬਰ 1984 ਨੂੰ ਭੜਕੀ ਭੀੜ ਨੇ ਕੇ. ਬਲਾਕ ਵਿੱਚਲੇ ਇੱਕ ਮਕਾਨ ਉੱਤੇ ਹਮਲਾ ਕਰ ਕੇ ਸਰਦੂਲ ਸਿੰਘ ਤੇ ਗੁਰਦਿਆਲ ਸਿੰਘ ਦੀ ਹੱਤਿਆ ਕਰ ਦਿੱਤੀ ਸੀ। ਸਰਦੂਲ ਸਿੰਘ ਦਾ ਮਕਾਨ ਸੀ ਅਤੇ ਗੁਆਂਢ ਦੇ ਗੁਰਦੁਆਰੇ ਦਾ ਸੇਵਾਦਾਰ ਗੁਰਦਿਆਲ ਸਿੰਘ ਉਨ੍ਹਾਂ ਨੂੰ ਮਿਲਣ ਆਇਆ ਸੀ। ਇਸ ਕੇਸ ਵਿੱਚ ਸਰਦੂਲ ਸਿੰਘ ਦੇ ਜਲੰਧਰ ਵਾਸੀ ਭਰਾ ਪੁਰਸ਼ੋਤਮ ਸਿੰਘ ਨੇ 13 ਲੋਕਾਂ ਖਿਲਾਫ ਕੇਸ ਦਰਜ ਕਰਵਾਇਆ ਸੀ। ਓਦੋਂ ਇਹ ਪਹਿਲਾ ਕੇਸ ਸੀ, ਜਿਹੜਾ ਨਾਮਜ਼ਦ ਦੋਸ਼ੀਆਂਉੱਤੇ ਦਰਜ ਹੋਇਆ ਸੀ। ਇਹ ਡੇਢ ਸਾਲ ਪਹਿਲਾਂ ਓਦੋਂ ਚਰਚਾ ਵਿੱਚ ਆਇਆ ਸੀ, ਜਦੋਂ ਫੋਰੈਂਸਿਕ ਟੀਮ ਨੇ 36 ਸਾਲਾਂ ਤੋਂ ਪਏ ਮਕਾਨ ਦੀਆਂ ਕੰਧਾਂ ਉੱਤੇ ਫਰਸ਼ ਦਾ ਬੈਂਜਾਡੀਨ ਟੈਸਟ ਕੀਤਾ ਤਾਂ ਖੂਨ ਮਿਲਣ ਦੀ ਪੁਸ਼ਟੀ ਹੋਈ ਸੀ ਅਤੇ ਇਸ ਦੇ ਬਾਅਦ ਬਾਕੀ ਦੀ ਜਾਂਚ ਕੀਤੀ ਗਈ ਸੀ।






## ਬ੍ਰਹਿਮੰਡ ਦੇ ਰਾਜ਼ ਐਲ ਐਚ ਸੀ ਸੁਲਝਾਏਗੀ, ਯੂਨੀਵਰਸ ਬਣਨ ਦਾ ਭੇਤ ਖੁੱਲ੍ਹ ਜਾਏਗਾ

ਨਵੀਂ ਦਿੱਲੀ, 7 ਜੁਲਾਈ (ਪੋਸਟ ਬਿਊਰੋ)- ਯੂਰਪੀਨ ਕੌਂਸਲ ਫਾਰ ਨਿਊਕਲੀਅਰ ਰਿਸਰਚ ਨੇ ਐਲਾਨ ਕੀਤਾ ਹੈ ਕਿ ਉਹ ਚਾਰ ਸਾਲ ਬਾਅਦ ਲਾਰਹਜ ਹੈਡਰਨ ਕੋਲਾਈਡਰ ਨੂੰ ਫਿਰ ਸ਼ੁਰੂ ਕਰਨ ਵਾਲੀ ਹੈ। ਇਹ ਮਹਾ ਮਸ਼ੀਨ ਫਿਰ ਬ੍ਰਹਿਮੰਡ ਦੀ ਉਤਪਤੀ ਦੇ ਕਾਰਨ ਲੱਭੇਗੀ। ਇਸ ਦਾ ਕੰਮ ਬਿਗ ਬੈਂਗ ਧਮਾਕੇ ਨਾਲ ਪੈਦਾ ਹੋਏ ਬ੍ਰਹਿਮੰਡ ਬਾਰੇ ਵਿੱਚ ਜਾਨਣਾ ਅਤੇ ਗੌਡ ਪਾਰਟੀਕਲ ਕਹੇ ਜਾਣ ਵਾਲੇ ਹਿਗਿਜ਼ ਬੋਸਾਨ ਦੀ ਖੋਜ ਫਿਰ ਤੋਂ ਸ਼ੁਰੂ ਕਰਨਾ ਹੈ। ਇਸ ਮਸ਼ੀਨ ਨੂੰ ਫਿਰ ਸ਼ੁਰੂ ਕਰ ਕੇ 13.6 ਖਰਬ ਇਲੈਕਟ੍ਰੌਲ ਵੋਲਟ ਜਿੰਨੀ ਊਰਜਾ ਕੱਢੀ ਜਾਏਗੀ।

ਹਿਗਿਜ਼ ਬੋਸਾਨ ਸਿਧਾਂਤ ਦੀ ਖੋਜ ਐਡਵਿਨ ਹੱਬਲ ਨੇ ਅੱਜ ਤੋਂ 10 ਸਾਲ ਪਹਿਲਾਂ 2012 ਵਿੱਚ ਕੀਤੀ ਸੀ। ਇਸ ਮਸ਼ੀਨ ਦੇ ਅੰਦਰ ਪ੍ਰੋਟੋਨ ਉੱਤੇ ਉਲਟ ਦਿਸ਼ਾ ਵਿੱਚ ਦੋ ਊਰਜਾ ਬੀਮ ਪਾਈਆਂ ਜਾਂਦੀਆਂ ਹਨ। ਇਸ ਤੋਂ ਗੌਡ ਪਾਰਟੀਕਲ ਦਾ ਜਨਮ ਹੁੰਦਾ ਹੈ। ਇਸ ਮਸ਼ੀਨ ਨੂੰ ਬਣਾਉਣ ਵਿੱਚ 31 ਹਜ਼ਾਰ ਕਰੋੜ ਰੁਪਏ ਤੋਂ ਵੱਧ ਲਾਗਤ ਆਈ ਸੀ।ਬਿਗ ਬੈਂਗ ਮੁਤਾਬਕ ਅੱਜ ਤੋਂ ਲਗਭਗ 15 ਅਰਬ ਸਾਲ ਪਹਿਲਾਂ ਬ੍ਰਹਿਮੰਡ ਬਣਿਆ ਤੇ ਕਈ ਸਾਰੇ ਫਿਜੀਕਲ ਪਾਰਟੀਕਲਸ ਵੀ ਬਣੇ ਸਨ। ਇਨ੍ਹੀਂ ਦੀ ਮਦਦ ਨਾਲ ਧਰਤੀ ਉੱਤੇ ਜੀਵਨ ਸ਼ੁਰੂ ਹੋਇਆ ਸੀ। ਕਈ ਭਾਰਤੀ ਵਿਗਿਆਨਕ ਵੀ ਇਸ ਦੀ ਵਰਤੋਂ ਵਿੱਚ ਸ਼ਾਮਲ ਹਨ। ਯੂਕਰੇਨ-ਰੂਸ ਜੰਗ ਦੇ ਸਮੇਂ ਯੂਰਪੀਅਨ ਕੌਂਸਲ ਫਾਰ ਨਿਊਕਲੀਅਰ ਰਿਸਰਚ ਨੇ ਐਲਾਨ ਕੀਤਾ ਸੀ ਕਿ ਉਹ ਰੂਸ ਨਾਲ ਭਵਿੱਖ ਦੇ ਸਾਰੇ ਸਮਝੌਤੇ ਇੱਕ ਵਾਰੀ ਰੋਕ ਰਿਹਾ ਹੈ ਅਤੇ ਰੂਸ ਨੂੰ ਆਬਜ਼ਰਵਰ ਦੇ ਅਹੁਦੇ ਤੋਂ ਹਟਾ ਦਿੱਤਾ ਹੈ। ਇਸ ਦੇ ਇਲਾਵਾ ਸਾਰੇ ਰੂਸੀ ਵਿ-ਗਆਨਕ ਸੰਸਥਾਵਾਂ ਦੇ ਨਾਲ ਨਵੇਂ ਸਮਝੌਤਿਆਂ ਨੂੰ ਰੋਕ ਰਿਹਾ ਹੈ।

ਸੀ ਈ ਆਰ ਐਨ ਦੀ ਸਥਾਪਨਾ ਸਾਲ 1954 ਵਿੱਚ ਯੂਰਪੀਨ, ਅਮਰੀਕਨ ਅਤੇ ਰੂਸੀ ਵਿਗਿਆਨੀਆਂ ਨੇ ਮਿਲ ਕੇ ਕੀਤੀ ਸੀ। ਇਸ ਫੈਸਿਲਟੀ ਨੇ ਠੰਢੀ ਜੰਗ ਦੇ ਸਮੇਂ ਵੀ ਬਿਹਤਰੀਨ ਢੰਗ ਨਾਲ ਕੰਮ ਕੀਤਾ ਸੀ। ਇਸ ਲੈਬਾਰਟਰੀ ਨੇ ਕਈ ਉਤਰਾਅ-ਚੜ੍ਹਾਅ ਵੀ ਦੇਖੇ ਹਨ। 1962 ਵਿੱਚ ਕਿਊਬਨ ਮਿਸਾਈਲ ਸੰਕਟ, 1968 ਵਿੱਚ ਸੋਵੀਅਤ ਯੂਨੀਅਨ ਵੱਲੋਂ ਪ੍ਰਾਗ ਸਪ੍ਰਿੰਗ ਨੂੰ ਰੋਕਣਾ, 1979 ਵਿੱਚ ਅਫਗਾਨਿਸਤਾਨ ਵਿੱਚ ਰੂਸੀ ਫੌਜੀਆਂ ਦੀ ਘੁਸਪੈਠ ਆਦਿ, ਪਰ ਇੰਨੇ ਸਮੇਂ ਤਕ ਇਸ ਲੈਬਾਰਟਰੀਨੇ ਕਿਸੇ ਤਰ੍ਹਾਂ ਦਾ ਕੋਈ ਰਾਜਨੀਤਕ ਝੁਕਾਅ ਨਹੀਂ ਦਿਖਾਇਆ। ਸੀ ਈ ਆਰ ਐਨ ਹੀਲਾਰਜ ਹੈਡਰਨ ਕੋਲਾਈਡਰ ਨੂੰ ਚਲਾਉਂਦਾ ਹੈ। ਇਹ ਦੁਨੀਆ ਦਾ ਸਭ ਤੋਂ ਵੱਡਾ ਐਟਮ ਸਮੈਸ਼ਰ ਹੈ। ਇਸੇ ਫੈਸਿਲਟੀ ਨੇ ਸਾਲ 2012 ਵਿੱਚ ਹਿਗਿਜ਼ ਬੋਸੋਨ ਦੀ ਖੋਜ ਕੀਤੀ ਸੀ। ਇਸ ਪ੍ਰਯੋਗ ਵਿੱਚ ਦੁਨੀਆ ਭਰ ਦੇ 23 ਦੇਸ਼ ਸ਼ਾਮਲ ਹਨ, ਸੱਤ ਐਸੋਸੀਏਟਿਡ ਮੈਂਬਰ ਹਨ। ਯੂਕਰੇਨ ਇਸ ਵਿੱਚ ਬਾਅਦ ਵਿੱਚ ਜੁੜਿਆ। ਉਹ ਫੈਸਿਲਟੀ ਨੂੰ ਫੀਸ ਦਿੰਦਾ ਹੈ, ਜਦ ਕਿ ਰੂਸ ਦੀ ਪੁਜ਼ੀਸ਼ਨ ਅਮਰੀਕਾ ਵਾਂਗ ਆਬਜ਼ਰਵਰ ਦੀ ਤਰ੍ਹਾਂ ਹੈ। ਉਸ ਨੂੰ ਕਿਸੇ ਤਰ੍ਹਾਂ ਦੀ ਫੀਸ ਨਹੀਂ ਦੇਣੀ ਹੁੰਦੀ।




# ਕੈਨ ਸਿੱਖ ਕਲਚਰਲ ਸੈਂਟਰ ਵਲੋਂ 37 ਵਾਂ ਖੇਡ ਮੇਲਾ

ਸੀਨੀਅਰ ਮੇਲਾ 9-10 July, 2022 ਕਬੱਡੀ

"ਕਬੱਡੀ, ਦੌੜਾਂ, ਸ਼ਾਟ ਪੁਟ, ਸੋਕਰ, ਡਿਸਕ ਥਰੋ, ਤਾਸ਼, ਰੱਸਾ ਕਸੀ, ਵਾਲੀਬਾਲ ਅਤੇ ਬਾਸਕਟਬਾਲ"

**Paul Coffey Park, Malton (Wildwood Park), 3430 Derry Road East, Nississauga**

**Main Sponsor**
NEW STARLINE Painting Ltd.
Painting Professionals
Harjit Dhanoa: 416.230.4000



Sitting L to R :-
Davinder Singh Basi, Sam Dhillon, Narinder Singh Sohal, Ranjit Singh Bariar, Gurmail Sandhu, Harjit Singh Dhanoa, Darshan Singh Gill, Harjinder Gill
Standing L to R :-
Jagdish Singh Grewal, Kuldeep Singh Gill, Kulwinder Dhaliwal, Satnaam Singh
Sherdaljit Singh Dhillon, Raja Kang, Sukhjit Mangat, Sukhwinder Dhanoa, Jagdev Gill, Gurpreet Dhillon

**Main Sponsor**
RB BUILDING SUPPLY 905-454-8000
Lovepreet Bariar, Ranjit Bariar, Manpreet Bariar
Basement Professionals
Rana: 647.271.4116, Lovepreet: 647.702.1116

Bhagwant S. Aulakh, Inderjit S. Dhanoa, Sukhwinder Dhanoa, Harjit Dhanoa
Springtown SP PAINTING

| ਛਬੀਲ | ਚਾਹ | ਦਾਲ-ਫੁਲਕਾ | ਹੌਟ ਡੋਗਜ਼ | ਪਾਣੀ |
|---|---|---|---|---|
| ਸੁਰਿੰਦਰ ਸਿੰਘ ਮੱਲ, ਜਸਵਾਰਾ ਸਿੰਘ, ਮਖਣ ਸਿੰਘ ਕੈਲੇ, ਹਰਕੀਰਤ ਸਿੰਘ, ਰੇਸ਼ਮਬੀਰ ਸਿੰਘ ਸੰਗਤ | ਗੁਰਮੀਤ ਸਿੰਘ, ਜੋਗਿੰਦਰ ਸਿੰਘ ਤੇ ਸਾਥੀ | ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ | ਵਾਵਾ ਟਰਾਂਸਪੋਰਟ | ਨਿਊ ਸਟਾਰ ਲਾਈਨ ਪੇਂਟਿੰਗ |

Rob Dhanoa: 905.878.7282
Star Road Star Trucking

KINGS SPORTS CULTURE CLUB of SACRAMENTO
EST. 2010
KINGS OF KABADDI

Manohar Singh Khera
Tell:- 416 888 4671

SP TRUCKLINE INC.
Tell:- 519 968 3632

Pawan Khinda, Director
647.518.0103
905.796.2555
905.796.2666
info@crownfloors.ca
www.crownfloors.ca
120 Rutherford Rd. S, Brampton, ON L6W 3J5
Factory outlet - contractor Supply
Hardwood • Laminate • Vinyl • Stairs Steps • Porcelain Tiles • Baseboards • Interior Doors & Windows

SWEET MAHAL
Phone: (416) 679-9191
680 Rexdale Blvd #9, Etobicoke, ON M9W 0B5

INSUREIT GROUP INC.
Dharvinder Brar
416.953.1670

Balkar Jhutti, President
Harry Rai, Vice President
1040 Steeles Ave. E, Brampton, ON L6T 1A7

WISDOM
Sam Dhaliwal
905-621-2222
info@wisdomforklifttraining.com
www.wisdomforklifttraining.com
1220 Matheson Blvd E, Mississauga, ON

WAWA TRANSPORT
Nick Nagra
20 Clairport Cr #4, Etobicoke, ON M9W 6P6

CITY HOME CONSTRUCTION INN.
Hardeep Singh & Manpreet Singh
416 832 4690

AUTOBAHN
Toll Free: 1-877-989-0994

PARADISE BUILDING SUPPLY LTD.
Jass Braich
416.558.7867

GTL CONSTRUCTION
Gurpreet Gill
416 388 4441

Brothers Electrical Works
PARAM
Ph: 905-407-6532
param@brotherselectricalworks.com

PREET PLUMBING & HEATING
Ranjit Singh
416.817.1961
ਮਾਂ ਬੋਲੀ ਪੰਜਾਬੀ

VIP CONDO
Jagdish Grewal, Sales Representative
Direct: (416) 970-5005
jagdish@grewalhomes.com

CANADIAN GLASS & WINDOW
Dev Mundi: 416.841.0932 Tochi Sangha: 416.454.3031

BOLTON AUTO COLLISION

MORTGAGE ALLIANCE
Mortgage Solutions
Gurpreet Samra, Mortgage Broker

EGLINTON CARPET
MOHINDER SINGH
416.783.1141

Bob Dosanjh
TOP REALTY POINT
C: 416.419.7777

Air & Oceanland Inc.
safe. fast. reliable.
Randhir Singh Sandhu
416 710 9046

Fresh Bite & Meat
905.913.1221
www.freshbite.ca

PEEL SPORTS & CULTURAL ACADEMY
Kuldip Gill
416.409.3811

FALCON MOTOR XPRESS LTD.
Jarnail Sidhu
905.951.4545

SUPERLINE Construction Inc.

BR CONCRETE LTD
Rachpal Singh
647 986 5986

Royal Canadian Pliming Inc.
647-936-5569

Dass Metal Products
416-831-5962

Airforce Renovation Inc.
647-302-3725

KGL Builder
Nick
416-270-2299

Narinder Singh Sohal

YADWINDER TOOR
Dir: 416.822.8874

TRUWOOD KITCHENS & CLOSETS
905-799-0060
www.truwoodkitchen.ca

UNIQUE BUILDERS INC.
Param Sandhu, B.Eng., President
(647) 710 2670
param@aubgroup.ca
www.aubgroup.ca

RAIDER LOGISTICS
905-584-0685

2261544 Ontario Inc.
416-272-4577

RE/MAX
Tejinder (Tej) Singh, Sales Representative
Mobile: 647-990-8787

GTA FLOORING CANADA
416-356-2727

DOABA SWEETS FACTORY INC.
Navi
647-267-9515

Buildwell Renovations Inc.
Billa Multani

Gurpreet Singh Mann, Sales Representative
416.835.9191
gurpreetsmann@yahoo.com

CENTURY 21 PRESIDENT
PAWAN JOHAL
Dir: 416-505-5586

PETRO-CANADA
Yashpal Singh Kaloti, Owner/Manager
Cell: 416.670.0362

ROYAL LEPAGE
Omkar Dhanoa
C: 416.302.4000

SKYLINE CONSTRUCTION
Amandeep Sohal
416.671.7053

GTR Plumbing & Electrical Supplies
PAUL 416.873.9661
RAJ 647.287.8694

ALL LINK TRAVEL INC.
Sundip Brar
Tell 905 458 5252
647 294 4948

M&M Carriers
905-857-3400

Antardeep Warraich
647-562-6811

Maninder Singh
647-997-5480

Jinda Ghuman
437-992-1988

LITT TRUCKING
Bhola
416 456 6653

HARISAR CARPET
647-274-0758

Ravinder (Ravi) Rooprai
Cell 647 460 9493

TILE LAND DEPOT
Amarjit Mann, Director
Tel: 905 792 2090

Canadian Tech Doors & Windows
Daljit Singh
905 673 8000

CENTURY 21
Anuj Sondhi
647-546-0182

Supreme Stairs
Manpreet Singh
647 710 0111

5 RIVERS EXPRESS
Satvir Singh
905-867-3270

GRD Home Carpet
647-612-7057
647-568-3660

MULTIRISK INSURANCE
Ben Singh
416.224.2800

National Sweets
905-792-0059

JASPAL BHATTI
416.908.8357

CANADA CONSUMER CREDIT ASSISTANCE
Jasbir Hundal
416.502.3100

VERSAILLES BANQUET HALL
Onkar Taggar
416.670.4741

Baldev Mutta
PUNJABI COMMUNITY HEALTH SERVICES
905.677.0889

SHUBASH JOSHI LAW OFFICE
416-788-5804

TRUCK WORLD MCD
Sheera Dulay
905.362.0325

SKYDOME
Daljit Singh Mogewala
905-874-9878

ICC Immigration
Tell:- 905 461 2424

AAR PLUMBING & HEATING SUPPLY WHOLESALE & RETAIL
Tel: (905) 791.4773
Cell: (647) 985.4733

STEPHEN'S FURNITURE LTD.
416.677.8572

Mukhtar Boparai
647-300-7301

Rinku Liddar
416-625-8114

National Countertops Inc.
Malkit Sandhu (Monty)
647-885-3826

Kanwaljeet Singh
Licensed Electrician
647-979-4103

American Truck Lines
Karambir Randhawa, Director
416-768-7677

Quick Tires
Sukhwinder Singh Randhawa
604-707-6087

KHALSA FURNITURE
905.677.8278

G S RENOVATION INC.
647.402.0471
647.642.4751

PR HOME SUPPLIES
Construction & Renovation Materials at Wholesale Price
905.461.3888

PERFECT ELECTRICAL LTD
647.501.0697

FIVE STAR DESIGN & BUILD
Residential & Commercial
Raj: 647-302-7143
Satnam: 647.406.2876

Goldenstar Mortgages Ltd.
Malkiat Singh
Cell 416 568 2966

KHALSA DRYWALL AND TAPING
647.395.1313

AVTAR AUTO
Avtar Minhas

Gracious

J LINE TRUCKING INC.
Gurpreet Chohal, President
416.262.9652

We are thankful to All Sponsors Special thanks to all Punjabi Print & Electronic Media.

***For more information contact Sher Daljit Dhillon: 416.716.2588, Jagdish Grewal: 416.970.5005**

## ਕਬੱਡੀ ਫੈਡਰੇਸ਼ਨ ਆਫ ਓਂਟਾਰੀਓ ਦੇ ਟੂਰਨਾਮੈਂਟ, ਖਿਡਾਰੀਆਂ ਅਤੇ ਕਲੱਬਾਂ ਦਾ ਵੇਰਵਾ

# KABADDI TOURNAMENTS

Under the supervision of Kabaddi Federation of Ontario

KABADDI FEDERATION OF ONTARIO CANADA ESTD. 1991

VENUE: Ontario Khalsa Darbar Dixie @ 7080 Dixie Road, Mississauga Ontario.

## CALANDER 2022

**1st Tournament On July 9, 2022**
Host: INTERNATIONAL PUNJABI SPORTS & CULTURE CENTRE
I.P.S.C.C
For Information:
*RANDHIR SANDHU: 426 710 9046
*SUKHA BASSI: 647 294 1384.
*INDERJIT DHUGGA: 647 988 0034.
*MITTU: 647 381 1100

**2nd Tournament on July 16, 2022**
Host: TORONTO PUNJABI SPORTS CLUB.
For Information:
*SARABJIT BASSI: 647 402 2131.
*TARLOCHAN MAND: 647 928 6263
*RAJESH DARA: 902 418 4959.

**3rd Tournament on July 31, 2022**
Host: BRAMPTON UNITED KABADDI CLUB
For Information:
*JASWINDER SHOKER: 647 400 6948
*GURMUKH ATWAL: 647 542 7626
*SUKHI CHANDI: 647 522 3536
*MANDEEP RANU: 647 710 8500
*PAPPU SANGHERA: 416 953 1895

**4th Tournament on August 6, 2022**
Host: ONTARIO KABADDI CLUB
OKC
For Information:
*LADDA SIHOTA: 647 212 2100
*SHERA MANDER: 416 804 1617
*MANPREET DHESI: 416 904 1059

**29TH KABADDI CANADA CUP on August 13, 2022**
Venue: First Ontario Centre, Hamilton
Host: METRO PUNJABI SPORTS CLUB.
MPSC CANADA
For Information:
*Gurdeep Dhillon: 416 258 0422
*Malkit Deol: 416 419 5324.
*Kala Hans 647 241 9331.

Tournament will be conducted under the supervision of Kabaddi Federation of Ontario **** Management holds the rights for any changes ****

## Kabaddi Federation of Ontario

Gurlat Sahota, President, 647-212-2100, gurlar@sglc.ca
Gurmukh Singh Atwal, General Secrectary, 647-542-7626, atwal71.ga@gmail.com
Malkit Singh Deol, Chairman, 416-419-5324

### 1. Ontario Kabaddi Club

| Raider | Stopper |
|---|---|
| Ravi Deora | Nindi Benrada |
| Vinay Khatri | Fariad Ali |
| Manna Balno | Inderjit kalsian |
| Kamal Navapind | Babbu Bhinder |
| Rinku Khuraiti | Azad Kotli |

### 2. Metro Punjabi Sports Club

| Raider | Stopper |
|---|---|
| Sultan Shamshpuria | Jagga Chitti |
| Sandeep Ludher | Amrit Aulakh |
| Deepak Kanshipuria | Ravi shaoke |
| Guri Dhaler | Tari Kheranwali |
| Dali Shamshpuria | Sunny Adamwaal |
| Gurpreet Hariburj | |
| Pali Shanna | |

### 3. Brampton United Kabaddi Club

| Raider | Stopper |
|---|---|
| Bunty Tibba | Yadda Surakhpur |
| Shankar Sandma | Yodda Surakhpur |
| Kala Dhanola | Shello Bahuakbarpur |
| Deep Daburjiy | Jeeta Talwandi chodria |
| Rishi Bahuakbarpur | Gaggi Mallan |
| Buri Shanna | Happy Sindna |
| Kala Dhoorkot | |

## Kabaddi Federation of Ontario

Gurlat Sahota, President, 647-212-2100, gurlar@sglc.ca
Gurmukh Singh Atwal, General Secrectary, 647-542-7626, atwal71.ga@gmail.com
Malkit Singh Deol, Chairman, 416-419-5324

### 4.Toronto Punjabi Sports Club

| Raider | Stopper |
|---|---|
| Bheem Dhubli | Arsh Barsaalpur |
| Manjinder Dholki | Aman Deora |
| Dinu Jwara | Ghadda Kalasangha |
| Taja Kalasangha | Pavi sahota |
| Manna Laalpur | Ravi Lopoke |
| Bhuri Borenagal | Butta Anndana |

### 4. International Punjabi Sport & Culture Centre

| Raider | Stopper |
|---|---|
| Dulla Baggapind | Mangi Baggapind |
| Raju Kotlapadi | Khushi Dhugga |
| Heera Bhatt | Jagga Manuke |
| Mohsin Bilal and Bachhitter Tashpur | Aman Suniara |
| Jero Javed and jero brother | Gurwinder Kanga |
| Jivan Manuke and Pinka jerg | Sunny Kalasangha and Preet Ladhuana |
| Rita Shushak | Gopy Farandipur and Vicky Harike |

## ਹੁਣ ਸੀਏਐਫ ਮੈਂਬਰ ਵੀ ਰੱਖ ਸਕਣਗੇ ਲੰਮੇਂ ਵਾਲ ਤੇ ਦਾੜ੍ਹੀ

ਓਟਵਾ, 7 ਜੁਲਾਈ (ਪੋਸਟ ਬਿਊਰੋ) : ਕੈਨੇਡੀਅਨ ਆਰਮਡ ਫੋਰਸਿਜ਼ (ਸੀਏਐਫ) ਵੱਲੋਂ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਉਨ੍ਹਾਂ ਦਾ ਨਵਾਂ ਡਰੈੱਸ ਕੋਡ ਸਤੰਬਰ ਵਿੱਚ ਲਾਗੂ ਹੋ ਜਾਵੇਗਾ। ਸੀਏਐਫ ਨੇ ਦੱਸਿਆ ਕਿ ਇਸ ਨਵੇਂ ਡਰੈੱਸ ਕੋਡ ਤਹਿਤ ਉਨ੍ਹਾਂ ਦੇ ਮੈਂਬਰਾਂ ਨੂੰ ਕਿਹੋ ਜਿਹੇ ਨਿਯਮਾਂ ਦਾ ਪਾਲਣ ਕਰਨਾ ਹੋਵੇਗਾ।



ਇਹ ਨਵੇਂ ਨਿਯਮ ਮੰਗਲਵਾਰ ਸਵੇਰੇ ਜਾਰੀ ਕੀਤੇ ਗਏ। ਇਨ੍ਹਾਂ ਵਿੱਚ ਦੱਸਿਆ ਗਿਆ ਕਿ ਹੁਣ ਲੰਮੇਂ ਨਹੁੰ, ਫੇਸ ਟੈਟੂ ਤੇ ਰੰਗੇ ਹੋਏ ਵਾਲਾਂ ਲਈ ਵੀ ਸੀਏਐਫ ਮੈਂਬਰਾਂ ਨੂੰ ਖੁੱਲ੍ਹ ਹੋਵੇਗੀ।ਸੀਏਐਫ ਵੱਲੋਂ ਜਾਰੀ ਕੀਤੇ ਗਏ ਦਸਤਾਵੇਜ਼ ਅਨੁਸਾਰ ਕੈਨੇਡੀਅਨ ਫੋਰਸਿਜ਼ ਡਰੈੱਸ ਇੰਸਟ੍ਰਕਸ਼ਨ 50 ਸਾਲ ਪੁਰਾਣੀਆਂ ਹਨ ਤੇ ਇਸ ਲਈ ਇਨ੍ਹਾਂ ਦਾ ਮੁਲਾਂਕਣ ਕਰਨ ਤੇ ਇਨ੍ਹਾਂ ਵਿੱਚ ਸੋਧ ਕਰਨ ਦੀ ਲੋੜ ਸੀ। ਕੈਨੇਡੀਅਨ ਆਰਮਡ ਫੋਰਸਿਜ਼ ਦੀ ਦਿੱਖ ਉਸ ਕੈਨੇਡੀਅਨ ਸੁਸਾਇਟੀ ਨਾਲ ਮੇਲ ਨਹੀਂ ਸੀ ਖਾ ਰਹੀ ਜਿਸ ਦੀ ਉਹ ਸੇਵਾ ਕਰਦੀਆਂ ਹਨ।

ਇਹ ਨਵਾਂ ਡਰੈੱਸ ਕੋਡ ਸਤੰਬਰ ਤੋਂ ਪ੍ਰਭਾਵੀ ਹੋਵੇਗਾ। ਇਸ ਤਹਿਤ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਤਹਿਤ ਹੁਣ ਮਹਿਲਾ ਤੇ ਪੁਰਸ਼ ਮੈਂਬਰ ਰਲਵੀਆਂ ਮਿਲਵੀਆਂ ਯੂਨੀਫਰਮਜ਼ ਪਾ ਸਕਣਗੇ। ਹੁਣ ਕੈਟਾਲੌਗ ਨੂੰ ਸਾਰੇ ਮੈਂਬਰਾਂ ਲਈ ਖੋਲ੍ਹ ਦਿੱਤਾ ਗਿਆ ਹੈ।ਨਵੇਂ ਰੰਗਰੂਟਾਂ ਨੂੰ ਟਰੇਨਿੰਗ ਸਮੇਂ ਆਪਣੇ ਸਿਰ ਦੇ ਵਾਲ ਸ਼ੇਵ ਨਹੀਂ ਕਰਨੇ ਹੋਣਗੇ ਤੇ ਕਿਸੇ ਦੀ ਵਾਲਾਂ ਦੀ ਲੰਬਾਈ ਉੱਤੇ ਵੀ ਕੋਈ ਪਾਬੰਦੀ ਨਹੀਂ ਹੋਵੇਗੀ ਬਸ਼ਰਤੇ ਉਹ ਚੰਗੀ ਤਰ੍ਹਾਂ ਬੰਨ੍ਹੇ ਹੋਣ ਤੇ ਮੈਂਬਰ ਦਾ ਮੂੰਹ ਕਵਰ ਨਾ ਕਰਦੇ ਹੋਣ। ਇਸੇ ਤਰ੍ਹਾਂ ਮੂੰਹ ਉੱਤੇ ਰੱਖੀਆਂ ਕਲਮਾਂ, ਦਾੜ੍ਹੀ, ਮੁੱਛਾਂ ਤੇ ਗੋਟੀ ਦੇ ਵਾਲਾਂ ਦੀ ਲੰਬਾਈ ਕੀ ਹੋਵੇਗੀ ਇਸ ਉੱਤੇ ਵੀ ਕੋਈ ਇਤਰਾਜ਼ ਨਹੀਂ ਹੋਵੇਗਾ। ਬੱਸ ਉਨ੍ਹਾਂ ਨੂੰ ਚੰਗੀ ਤਰ੍ਹਾਂ ਸੰਵਾਰ ਕੇ ਰੱਖਣਾ ਹੋਵੇਗਾ।

ਵਾਲਾਂ ਨੂੰ ਰੰਗਣ ਤੇ ਹੱਥਾਂ ਦੇ ਨੰਹੁ ਲੰਬੇ ਕਰਨ ਵਿੱਚ ਵੀ ਕੋਈ ਇਤਰਾਜ਼ ਨਹੀਂ ਹੋਵੇਗਾ, ਬੱਸ ਉਹ ਕੰਮ ਵਿੱਚ ਵਿਘਣ ਨਾ ਪਾਉਣ। ਨਾ ਹੀ ਕਿਸੇ ਨੂੰ ਮੂੰਹ ਉੱਤੇ ਟੈਟੂ ਬਣਾਉਣ ਉੱਤੇ ਹੀ ਕੋਈ ਇਤਰਾਜ਼ ਹੋਵੇਗਾ, ਬੱਸ ਉਹ ਕਿਸੇ ਕਿਸਮ ਦੀਆਂ ਮੁਜਰਮਾਨਾਂ ਗਤੀਵਿਧੀਆਂ ਨਾਲ ਸਬੰਧਤ ਨਹੀਂ ਹੋਣਾ ਚਾਹੀਦਾ ਜਾਂ ਫਿਰ ਕਿਸੇ ਕਿਸਮ ਦਾ ਪੱਖਪਾਤ ਜ਼ਾਹਿਰ ਨਾ ਕਰਦਾ ਹੋਵੇ।

## ਫਿਨਲੈਂਡ ਤੇ ਸਵੀਡਨ ਨੂੰ ਨਾਟੋ ਵਿਚ ਸ਼ਾਮਲ ਕਰਨ ਲਈ ਸਹਿਮਤੀ ਦੇਣ ਵਾਲਾ ਕੈਨੇਡਾ ਬਣਿਆ ਪਹਿਲਾ ਮੁਲਕ

ਓਟਵਾ, 7 ਜੁਲਾਈ (ਪੋਸਟ ਬਿਊਰੋ) : ਨੌਰਥ ਐਟਲਾਂਟਿਕ ਟਰੀਟੀ ਆਰਗੇਨਾਈਜ਼ੇਸ਼ਨ (ਨਾਟੋ) ਵਿੱਚ ਫਿਨਲੈਂਡ ਤੇ ਸਵੀਡਨ ਨੂੰ ਸ਼ਾਮਲ ਕੀਤੇ ਜਾਣ ਦੀ ਪੁਸ਼ਟੀ ਕਰਨ ਵਾਲਾ ਕੈਨੇਡਾ ਪਹਿਲਾ ਦੇਸ਼ ਬਣ ਗਿਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੰਗਲਵਾਰ ਨੂੰ ਇਸ ਸਬੰਧ ਵਿੱਚ ਐਲਾਨ ਕੀਤਾ ਗਿਆ।




ਪਿਛਲੇ ਹਫਤੇ ਮੈਡਰਿਡ ਵਿੱਚ ਹੋਈ ਨਾਟੋ ਮੁਲਕਾਂ ਦੀ ਸਿਖਰ ਵਾਰਤਾ ਦੌਰਾਨ ਨਾਟੋ ਆਗੂਆਂ ਵੱਲੋਂ ਰਸਮੀ ਤੌਰ ਉੱਤੇ ਦੋਵਾਂ ਦੇਸ਼ਾਂ ਨੂੰ ਇਸ ਗੱਠਜੋੜ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। ਇਸ ਤੋਂ ਬਾਅਦ ਦੋਵੇਂ ਦੇਸ਼ ਪੂਰੀ ਤਰ੍ਹਾਂ ਨਾਟੋ ਮੈਂਬਰ ਬਣਨ ਦੇ ਇੱਕ ਕਦਮ ਹੋਰ ਨੇੜੇ ਪਹੁੰਚ ਗਏ ਹਨ। ਇੱਕ ਬਿਆਨ ਵਿੱਚ ਟਰੂਡੋ ਨੇ ਆਖਿਆ ਕਿ ਫਿਨਲੈਂਡ ਤੇ ਸਵੀਡਨ ਦੇ ਤੇਜ਼ੀ ਨਾਲ ਇਸ ਗੱਠਜੋੜ ਵਿੱਚ ਘੁਲਣ ਮਿਲਣ ਦਾ ਕੈਨੇਡਾ ਨੂੰ ਪੂਰਾ ਭਰੋਸਾ ਹੈ।

ਟਰੂਡੋ ਨੇ ਆਖਿਆ ਕਿ ਇਸ ਨਾਲ ਨਾਟੋ ਵਰਗਾ ਸੰਗਠਨ ਹੋਰ ਮਜ਼ਬੂਤ ਹੋਵੇਗਾ। ਉਨ੍ਹਾਂ ਆਖਿਆ ਕਿ ਉਨ੍ਹਾਂ ਵੱਲੋਂ ਸਾਰੇ ਨਾਟੋ ਮੈਂਬਰਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਉਹ ਦੋਵਾਂ ਮੁਲਕਾਂ ਨੂੰ ਗੱਠਜੋੜ ਵਿੱਚ ਸ਼ਾਮਲ ਕਰਨ ਲਈ ਪੁਸ਼ਟੀ ਕਰਨ ਦੀ ਇਸ ਪ੍ਰਕਿਰਿਆ ਨੂੰ ਜਲਦ ਤੋਂ ਜਲਦ ਪੂਰਾ ਕਰਨ ਤਾਂ ਕਿ ਕਿਸੇ ਦੀ ਦਖ਼ਲਅੰਦਾਜ਼ੀ ਕਾਰਨ ਇਸ ਵਿੱਚ ਵਿਘਣ ਨਾ ਪੈ ਸਕੇ।

ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਸਾਰੇ 30 ਨਾਟੋ ਭਾਈਵਾਲਾਂ ਵੱਲੋਂ ਸਹਿਮਤੀ ਸਬੰਧੀ ਪ੍ਰੋਟੋਕਾਲਜ਼ ਉੱਤੇ ਦਸਤਖ਼ਤ ਕੀਤੇ ਗਏ। ਇਸ ਤੋਂ ਬਾਅਦ ਹੁਣ ਮੈਂਬਰਸ਼ਿਪ ਬਿੱਡ ਨੂੰ ਵਿਧਾਨਕ ਮਨਜ਼ੂਰੀ ਲਈ ਹੋਰ ਮੁਲਕਾਂ ਨੂੰ ਭੇਜਿਆ ਗਿਆ ਹੈ। ਕੈਨੇਡਾ ਤੇ ਡੈਨਮਾਰਕ ਹੀ ਅਜਿਹੇ ਮੁਲਕ ਹਨ ਜਿਨ੍ਹਾਂ ਨੇ ਸਹਿਮਤੀ ਦੇ ਕੇ ਇਹ ਦਸਤਾਵੇਜ਼ ਵਾਪਿਸ ਵੀ ਘੱਲ ਦਿੱਤੇ ਹਨ।

## ਡਬਲਿਊਐਸਓ ਵੱਲੋਂ ਸ਼ਿਕਾਇਤ ਦਰਜ ਕਰਵਾਉਣ ਉੱਤੇ ਟੋਰਾਂਟੋ ਨੇ ਬਦਲੀ ਕਲੀਨ ਸ਼ੇਵ ਮਾਸਕਿੰਗ ਨੀਤੀ

ਟੋਰਾਂਟੋ, 7 ਜੁਲਾਈ (ਪੋਸਟ ਬਿਊਰੋ) : ਕੁੱਝ ਸਿੱਖ ਸਕਿਊਰਿਟੀ ਗਾਰਡਜ਼ ਵੱਲੋਂ ਆਪਣੀ ਦਾੜ੍ਹੀ ਸ਼ੇਵ ਕਰਨ ਤੋਂ ਇਨਕਾਰ ਕਰਨ ਕਾਰਨ ਨੌਕਰੀ ਤੋਂ ਹੱਥ ਧੁਆ ਲਏ ਜਾਣ ਤੋਂ ਬਾਅਦ ਵਰਲਡ ਸਿੱਖ ਆਰਗੇਨਾਈਜ਼ੇਸ਼ਨ (ਡਬਲਿਊਐਸਓ) ਵੱਲੋਂ ਦਖਲ ਦਿੱਤੇ ਜਾਣ ਤੋਂ ਬਾਅਦ ਟੋਰਾਂਟੋ ਵਿੱਚ ਵਰਕਰਜ਼ ਲਈ ਤਥਾ ਕਥਿਤ ਕਲੀਨ ਸ਼ੇਵ ਪਾਲਿਸੀ ਵਿੱਚ ਸੋਧ ਕੀਤੀ ਗਈ ਹੈ।



ਡਬਲਿਊਐਸਓ ਦੇ ਇੱਕ ਅਧਿਕਾਰੀ ਵੱਲੋਂ ਮੰਗਲਵਾਰ ਦੁਪਹਿਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਗਈ। ਜ਼ਿਕਰਯੋਗ ਹੈ ਕਿ ਸਿਟੀ ਆਫ ਟੋਰਾਂਟੋ ਵੱਲੋਂ ਲਿਆਂਦੀ ਗਈ ਨਵੀਂ ਨੀਤੀ ਤਹਿਤ ਐਨ 95 ਰੈਸਪੀਰੇਟਰੀ ਮਾਸਕ ਦੇ ਮੂੰਹ ਉੱਤੇ ਫਿੱਟ ਹੋਣ ਲਈ ਕਿਸੇ ਕਰਮਚਾਰੀ ਦਾ ਕਲੀਨ ਸੇਵਨ ਹੋਣਾ ਜ਼ਰੂਰੀ ਦੱਸਿਆ ਗਿਆ। ਇਸ ਤੋਂ ਬਾਅਦ ਤੀਜੀਆਂ ਪਾਰਟੀਆਂ ਵੱਲੋਂ ਇਸ ਨੀਤੀ ਦੀ ਪਾਲਣਾ ਨਾ ਕਰਨ ਵਾਲੇ 100 ਦੇ ਨੇੜੇ ਤੇੜੇ ਸਿੱਖ ਸਕਿਊਰਿਟੀ ਗਾਰਡਜ਼ ਨੂੰ ਜਾਂ ਤਾਂ ਨੌਕਰੀ ਤੋਂ ਕੱਢ ਦਿੱਤਾ ਗਿਆ, ਜਾਂ ਉਨ੍ਹਾਂ ਦੀ ਬਦਲੀ ਕਰ ਦਿੱਤੀ ਗਈ ਤੇ ਜਾਂ ਫਿਰ ਉਨ੍ਹਾਂ ਦੀਆਂ ਸ਼ਿਫਟਾਂ ਰੱਦ ਕਰ ਦਿੱਤੀਆਂ ਗਈਆਂ।

ਡਬਲਿਊਐਸਓ ਦੇ ਬੁਲਾਰੇ ਤੇ ਲੀਗਲ ਕਾਊਂਸਲ ਬਲਪ੍ਰੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਨੂੰ ਮੇਅਰ ਟਰੀ ਤੋਂ ਕਾਲ ਆਈ ਹੈ ਤੇ ਉਨ੍ਹਾਂ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਸਕਿਊਰਿਟੀ ਗਾਰਡਜ਼ ਆਪਣੀਆਂ ਨੌਕਰੀਆਂ ਉੱਤੇ ਪਰਤ ਸਕਦੇ ਹਨ ਤੇ ਇਸ ਨੂੰ ਯਕੀਨੀ ਬਣਾਉਣ ਲਈ ਸਿਟੀ ਵੱਲੋਂ ਸਕਿਊਰਿਟੀ ਕਾਂਟਰੈਕਟਰਜ਼ ਨਾਲ ਰਲ ਕੇ ਕੰਮ ਕੀਤਾ ਜਾਵੇਗਾ।ਉਨ੍ਹਾਂ ਇਹ ਵੀ ਆਖਿਆ ਕਿ ਐਨ 95 ਦੀ ਲੋੜ ਉੱਥੇ ਹੀ ਹੋਵੇਗੀ ਜਿੱਥੇ ਕੋਈ ਆਊਟਬ੍ਰੇਕ ਹੋਵੇਗੀ।ਉਨ੍ਹਾਂ ਆਖਿਆ ਕਿ ਅਜਿਹੀ ਇੱਕੋ ਥਾਂ ਹੈ ਤੇ ਉੱਥੇ ਵੀ ਲੇਟੈਕਸ ਜਾਂ ਕੱਪੜੇ ਨਾਲ ਦਾੜ੍ਹੀ ਨੂੰ ਕਵਰ ਕੀਤਾ ਜਾ ਸਕਦਾ ਹੈ ਤੇ ਅਸੀਂ ਪਹਿਲਾਂ ਵੀ ਇਹੋ ਸੁਝਾਅ ਦਿੱਤਾ ਸੀ।

## ਬਰੈਂਪਟਨ ਵਿਚ ਕੈਰਾਬਰਮ-2022 ਦਾ ਆਯੋਜਨ 8, 9 ਤੇ 10 ਜੁਲਾਈ ਨੂੰ

ਬਰੈਂਪਟਨ, (ਡਾ. ਝੰਡ) - ਕੈਨੇਡਾ ਦੇ ਬਹੁ-ਮੁਖੀ ਸੱਭਿਆਚਾਰ ਨੂੰ ਦਰਸਾਉਂਦੇ ਹੋਏ ਸਾਂਝੇ ਸੱਭਿਆਚਾਰਕ ਮੇਲੇ 'ਕੈਰਾਬਰਮ-2022 ਦਾ ਆਯੋਜਨ ਹਰ ਸਾਲ ਟੋਰਾਂਟੋ ਏਰੀਏ ਵਿਚ ਕੀਤਾ ਜਾਂਦਾ ਹੈ। ਇਸ ਦੇ ਇਕ ਹਿੱਸੇ 'ਪੰਜਾਬ ਪਾਵਿਲੀਅਨ' ਦਾ ਆਯੋਜਨ ਬਰੈਂਪਟਨ ਦੇ ਲੋਫ਼ਰ ਲੇਕ ਲੇਨ ਕਰੀਏਸ਼ਨ ਸੈਂਟਰ ਵਿਚ 8,9 ਤੇ 10 ਜੁਲਾਈ ਨੂੰ ਕੀਤਾ ਜਾ ਰਿਹਾ ਹੈ। ਇਸ ਵਿਚ ਵੱਖ-ਵੱਖ ਕਿਸਮ ਦੇ ਨਾਚ, ਗੀਤ-ਸੰਗੀਤ, ਭੰਗੜਾ ਗਿੱਧਾ, ਫ਼ੈਸੀ ਡਰੈੱਸ, ਆਦਿ ਆਈਟਮਾਂ ਪੇਸ਼ ਕਰਨ ਦਾ ਪ੍ਰੋਗਰਾਮ ਇਸ ਮੇਲੇ ਦੀ ਆਰਗੇਨਾਈਜ਼ੇਸ਼ਨ ਕਮੇਟੀ ਵੱਲੋਂ ਉਲੀਕਿਆ ਗਿਆ ਹੈ।



ਇਸ ਮੇਲੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਬਰੈਂਪਟਨ ਦੀਆਂ ਦੋ ਦਰਜਨ ਤੋਂ ਵਧੀਕ ਸੀਨੀਅਰਜ਼ ਕਲੱਬਾਂ ਦੀ ਸਾਂਝੀ 'ਅੰਬਰੇਲਾ-ਬਾਡੀ' ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਬਰੈਂਪਟਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਨੇ ਦੱਸਿਆ ਕਿ ਇਸ ਵਿਚ ਸੀਨੀਅਰਜ਼ ਸਾਥੀਆਂ ਦੇ ਤਾਸ਼ ਦੀ ਗੇਮ 'ਸਵੀਪ' ਦੇ ਮੁਕਾਬਲੇ ਕਰਵਾਉਣ ਦੀ ਜ਼ਿੰਮੇਂਵਾਰੀ ਇਸ ਐਸੋਸੀਏਸ਼ਨ ਨੂੰ ਸੌਂਪੀ ਗਈ ਹੈ ਅਤੇ ਇਹ ਮੁਕਾਬਲੇ ਬਰੈਂਪਟਨ ਦੇ ਲੋਫ਼ਰ ਲੇਕ ਲੇਨ ਕਰੀਏਸ਼ਨ ਸੈਂਟਰ ਵਿਚ 8,9 ਅਤੇ 10 ਜੁਲਾਈ ਨੂੰ ਕਰਵਾਏ ਜਾ ਰਹੇ ਹਨ।

ਇਸ ਗੇਮ 'ਸਵੀਪ' ਦੇ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਚਾਹਵਾਨ ਸੀਨੀਅਰਜ਼ ਸਾਥੀਆਂ ਨੂੰ ਸੱਦਾ ਦਿੱਤਾ ਜਾਂਦਾ ਹੈ। ਇੱਥੇ ਇਹ ਦੱਸਣਾ ਬਣਦਾ ਹੈ ਕਿ ਇਸ ਵਿਚ ਭਾਗ ਲੈਣ ਵਾਲੀਆਂ ਟੀਮਾਂ ਲਈ ਕੇਵਲ 10 ਡਾਲਰ ਹੀ ਐਂਟਰੀ ਫ਼ੀਸ ਰੱਖੀ ਗਈ ਹੈ। ਇਨ੍ਹਾਂ ਮੁਕਾਬਲਿਆਂ ਵਿਚੋਂ ਪਹਿਲੇ, ਦੂਸਰੇ ਅਤੇ ਤੀਸਰੇ ਨੰਬਰ 'ਤੇ ਆਉਣ ਵਾਲੀਆਂ ਟੀਮਾਂ ਦੇ ਨਾਂਵਾਂ ਦਾ ਐਲਾਨ 10 ਜੁਲਾਈ ਵਾਲੇ ਦਿਨ ਹੋਣ ਵਾਲੇ ਸੱਭਿਆਚਾਰਕ ਪ੍ਰੋਗਰਾਮ ਵਿਚ ਕੀਤਾ ਜਾਏਗਾ ਅਤੇ ਉਨ੍ਹਾਂ ਨੂੰ ਉੱਥੇ ਨਕਦ ਇਨਾਮ ਦਿੱਤੇ ਜਾਣਗੇ।

ਤਾਸ਼ ਦੇ ਇਨ੍ਹਾਂ ਸਵੀਪ-ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਟੀਮਾਂ ਨੂੰ ਆਪਣੀ ਰਜਿਸਟ੍ਰੇਸ਼ਨ ਵੀਰਵਾਰ 7 ਜੁਲਾਈ ਜਾਂ ਇਸ ਤੋਂ ਪਹਿਲਾਂ ਕਰਵਾਉਣੀ ਜ਼ਰੂਰੀ ਹੈ। ਇਹ ਰਜਿਸਟ੍ਰੇਸ਼ਨ ਕਰਵਾਉਣ ਲਈ ਐਸੋਸੀਏਸ਼ਨ ਆਫ਼ ਸੀਨੀਅਰਜ਼ ਐਸੋਸੀਏਸ਼ਨ ਦੀ ਕਾਰਜਕਾਰਨੀ ਦੇ ਅਹੁਦੇਦਾਰਾਂ ਜੰਗੀਰ ਸਿੰਘ ਸੈਂਹਬੀ (416-409- 0126), ਰਣਜੀਤ ਸਿੰਘ ਤੱਗਰ (416-878-3711), ਪ੍ਰੀਤਮ ਸਿੰਘ ਸਰਾਂ (416-833-0567), ਅਮਰੀਕ ਸਿੰਘ ਕੁਮਰੀਆ (647-998-7253), ਮਹਿੰਦਰ ਸਿੰਘ ਮੋਹੀ (416-659-1232), ਪ੍ਰਿਤਪਾਲ ਸਿੰਘ ਗਰੇਵਾਲ (647-209-9905), ਇਕਬਾਲ ਸਿੰਘ ਵਿਰਕ (647-704-7803) ਜਾਂ ਹਰਚੰਦ ਸਿੰਘ ਬਾਸੀ 437-255-5029) ਨੂੰ ਉਨ੍ਹਾਂ ਦੇ ਦਿੱਤੇ ਹੋਏ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਤੀਆਂ ਦਾ ਤਿਉਹਾਰ 24 ਜੁਲਾਈ ਨੂੰ ਮਨਾਇਆ ਜਾਏਗਾ

(ਬਰੈਂਪਟਨ/ਬਾਸੀ ਹਰਚੰਦ) ਗੁਰਮੇਲ ਸਿੰਘ ਸੱਗੂ ਨੇ ਦਸਿਆ ਕਿ ਪੰਜਾਬੀ ਮੁਟਿਆਰਾਂ/ ਔਰਤਾਂ ਦਾ ਪਰਸਿੱਧ ਤੀਆਂ ਦਾ ਤਿਉਹਾਰ ਬਰੈਂਪਟਨ ਦੇ ਮਾਊਂਟੇਨਿਸ਼ ਪਾਰਕ ਵਿੱਚ 24 ਜੁਲਾਈ ਦਿਨ ਐਤਵਾਰ ਸਮਾਂ ਬਾਅਦ ਦੁਪਿਹਰ 3-00 ਵਜੇ ਤੋ 7-00 ਵਜੇ ਤੱਕ ਮਨਾਇਆ ਜਾਏਗਾ । ਇਸ ਤਉਹਾਰ ਸਮੇਂ ਪੰਜਾਬੀ ਔਰਤਾਂ ਇਕੱਠੀਆਂ ਹੋ ਕੇ ਆਪਣੇ ਮਨੋਭਾਵਾਂ /ਵਲਵਲਿਆਂ ਨੂੰ ਬੋਲੀਆਂ ਪਾ ਕੇ ਨੱਚ ਕੇ ਗਿੱਧਾ ਪਾ ਕੇ ਖੂਬ ਪਰਗਟ ਕੀਤਾ ਜਾਂਦਾ ਹੈ। ਪਿਛਲੇ ਕੁੱਝ ਸਾਲਾਂ ਤੋਂ ਇਸ ਤਿਉਹਾਰ ਦੀ ਸੁਰੂਆਤ ਹੋਈ ਸੀ ਬੜੀ ਸਫਲਤਾ ਪੂਰਵਕ ਚੱਲ ਰਿਹਾ ਹੈ। ਬੋਲੀਆਂ, ਗਿੱਧਾ ਅਤੇ ਗੀਤਾਂ ਨਾਲ ਖੂਬ ਰੌਣਕ ਲੱਗੇਗੀ।ਬੀਬੀਆਂ ਬੱਚੀਆਂ ਮੁਟਿਆਰਾਂ ਨੂੰ ਖੁੱਲਾ ਸੱਦਾ ਹੈ ਸਾਮਲ ਹੋਕੇ ਰੌਣਕਾਂ ਵਧਾਉ ਅਤੇ ਕਰੋਨਾ ਦੇ ਸਮੇਂ ਤੋਂ ਬਾਹਰ ਨਿਕਲ ਕੇ ਦਿਮਾਗ ਤਾਜੇ ਕਰੋ ਵਲਵਲੇ ਸਾਂਝੇ ਕਰੋ ਅਤੇ ਅਨੰਦ ਮਾਣੋ। ਖਾਣ ਪੀਣ ਦਾ ਖੁੱਲਾ ਡੁੱਲਾ ਪਰਬੰਧ ਹੋਵੇਗਾ। ਹੋਰ ਜਾਣਕਰੀ ਲਈ ਬੀਬੀ ਸੁਰਜੀਤ ਕੌਰ ਗਰੇਵਾਲ 437-249-1571 ਅਤੇ ਬੀਬੀ ਬਲਜਿੰਦਰ ਕੌਰ ਦਿਉਲ 437-778-3552 ਨੂੰ ਫੋਨ ਕਰ ਸਕਦੇ ਹੋ। ਜਾਂ ਇਸ ਤਿਉਹਾਰ ਦੇ ਪਰਬੰਧਕ ਗੁਰਮੇਲ ਸਿੰਘ ਸੱਗੂ ਫੋਨ 416-648-6706ਤੋਂ ਜਾਕਾਰੀ ਲੈ ਸਕਦੇ ਹੋ।



## 'ਨਿੱਕੇ ਨਾਟਕ ਵੱਡੀਆਂ ਗੱਲਾਂ-ਸੀਜ਼ਨ 2' ਦੀ ਪੇਸ਼ਕਾਰੀ 24 ਜੁਲਾਈ ਨੂੰ

ਬਰੈਂਪਟਨ ਦੇ ਪੀਅਰਸਨ ਥੀਏਟਰ ਵਿੱਚ ਖੇਡੇ ਜਾਣਗੇ ਤਿੰਨ ਨਵੇਂ ਸ਼ੋਰਟ ਨਾਟਕ ਟੋਰਾਂਟੋ ਦੀ ਨਾਮੀ ਗਿਰਾਮੀ ਪੰਜਾਬੀ ਥੀਏਟਰ ਸੰਸਥਾ, ਪੰਜਾਬੀ ਆਰਟਸ ਐਸੋਸੀਏਸ਼ਨ ਇਸ ਸਾਲ ਤਿੰਨ ਨਵੇਂ ਥੀਏਟਰ ਨਾਟਕਾਂ ਦੀ ਪੇਸ਼ਕਾਰੀ ਲੈ ਕੇ ਤਿਆਰ ਹੈ। "ਨਿੱਕੇ ਨਾਟਕ ਵੱਡੀਆਂ ਗੱਲਾਂ" ਨਾਟਕ ਇਸ 24 ਜੁਲਾਈ ਨੂੰ ਸ਼ਾਮ 5:30 ਵਜੇ ਬਰੈਂਪਟਨ ਦੇ ਲੈਸਟਰ ਬੀ ਪੀਅਰਸਨ ਥੀਏਟਰ (150 ਸੈਂਟਰਲ ਪਾਰਕ, ਬਰੈਂਪਟਨ) ਵਿੱਚ ਖੇਡੇ ਜਾਣਗੇ। ਨਿੱਕੇ ਨਾਟਕ ਵੱਡੀਆਂ ਗੱਲਾਂ: ਸੀਜ਼ਨ 2 ਵਿੱਚ ਤਿੰਨ ਸ਼ੋਰਟ ਨਵੇਂ ਨਾਟਕ ਗਊਮੁਖਾ ਸ਼ੇਰਮੁਖਾ, ਬੇਬੇ ਸੁੱਤੀ ਪਈ ਏ ਅਤੇ ਸਟੂਡੈਂਟ ਲਾਈਫ ਦੀ ਪੇਸ਼ਕਾਰੀ ਕੀਤੀ ਜਾਵੇਗੀ। ਹਰ ਵਾਰ ਦੀ ਤਰਾਂ ਸੰਸਥਾ ਦੇ ਕਲਾਕਾਰ ਨਵੀਆਂ ਕਹਾਣੀਆ ਜਰੀਏ ਕੈਨੇਡਾ ਵਿੱਚ ਵਸਤੇ ਪਰਵਾਸੀਆਂ ਦੇ ਮੁੱਦਿਆਂ, ਮੋਜੂਦਾ ਹਾਲਾਤਾਂ ਅਤੇ ਹੋਰ ਮਸਲਿਆਂ ਨੂੰ ਵਿਅੰਗ ਅਤੇ ਹਾਸੇ ਠੱਠੇ ਨਾਲ ਦਰਸ਼ਕਾ ਅੱਗੇ ਪੇਸ਼ ਕਰਨ ਦੀ ਕੋਸ਼ਿਸ਼ ਕਰਨਗੇ।




ਇਹਨਾ ਸ਼ੌਰਟ ਨਾਟਕਾਂ ਦੀਆਂ ਕਹਾਣੀਆਂ ਬੜੀਆਂ ਦਿਲਚਸਪ ਹਨ ਅਤੇ ਬਰੈਂਪਟਨ ਸ਼ਹਿਰ ਦੇ ਸਮਾਜਿਕ ਹਲਾਤਾਂ ਜਿਵੇਂ ਕੇ ਰੀਅਲ ਅਸਟੇਟ ਅਤੇ ਹਾਊਸਿੰਗ ਦੀ ਸਮੱਸਿਆ, ਬਜੁਰਗਾਂ ਦੀ ਮਾਨਸਿਕ ਸਿਹਤ ਅਤੇ ਇੰਟਰਨੈਸ਼ਨਲ ਸਟੂਡੈਂਟਸ ਦੇ ਜੀਵਨ ਵੱਲ ਇਸ਼ਾਰਾ ਕਰਦੀਆ ਹਨ। ਪਹਿਲਾ ਨਾਟਕ "ਬੇਬੇ ਸੁੱਤੀ ਪਈ ਏ" ਮਨਿਦੰਰ ਬਜਵਾੜਾ ਵਲੋਂ ਲਿਖਿਆ ਗਿਆ ਹੈ ਅਤੇ ਨਵਜੋਤ ਸਿੰਘ ਨਰੂਲਾ ਇਸ ਨੂੰ ਡਾਇਰੈਕਟ ਕਰ ਰਹੇ ਹਨ, ਦੂਜਾ ਨਾਟਕ "ਗਊਮੁਖਾ ਸ਼ੇਰਮੁਖਾ" ਰਣਜੋਧ ਸਿੰਘ ਵਲੋਂ ਲਿਖਿਆ ਗਿਆ ਹੈ ਅਤੇ ਪ੍ਰੀਤ ਸੰਘਾ ਦੀ ਡਾਇਰੈਕਸ਼ਨ ਹੋਵੇਗੀ, ਇਹ ਨਾਟਕ ਗੁਰਚਰਨ ਸਿੰਘ ਜਸੂਜਾ ਦੇ ਰੇਡੀਓ ਪਲੇਅ ਦਾ ਕੈਨੇਡੀਅਨ ਰੂਪਾਤਰ ਹੈ। ਤੀਜਾ ਨਾਟਕ "ਸਟੂਡੈਂਟ ਲਾਇਫ" ਸਰਬਜੀਤ ਅਰੋੜਾ ਵਲੋਂ ਲਿਖਿਆ ਗਿਆ ਹੈ ਅਤੇ ਜਗਵਿੰਦਰ ਜੱਜ ਇਸ ਨੂੰ ਡਾਇਰੈਕਟ ਕਰਨਗੇ। ਟਿਕਟਾਂ ਦੀ ਜਾਣਕਾਰੀ ਲਈ ਪੰਜਾਬੀ ਆਟਰਸ ਐਸੋਸੀਏਸ਼ਨ ਦੀ ਵੈੱਬਸਾਇਟ www.punjabiarts.com ਤੇ ਲੈ ਕੇ ਸਕਦੇ ਹੋ ਜਾਂ ਬਲਜਿੰਦਰ ਲੈਲਣਾ ਨੂੰ 416-677-1555 ਤੇ ਅਤੇ ਕੁਲਦੀਪ ਰੰਧਾਵਾ ਨੂੰ 416-892-6171 ਤੇ ਫੋਨ ਕਰ ਸਕੇ ਹੋ।

## ਫਾਦਰ ਟੋਬਿਨ ਸੀਨੀਅਰਜ਼ ਕਲੱਬ ਬਰੈਂਪਟਨ ਨੇ ਲਾਇਆ ਪੈਰੀ ਸਾਊਂਡ ਦਾ ਟੂਰ



ਫਾਦਰ ਟੋਬਿਨ ਸੀਨੀਅਰਜ਼ ਕਲੱਬ ਵਲੋਂ ਪਿਛਲੇ ਦਿਨੀਂ ਪੈਰੀ ਸਾਊਂਡ ਦਾ ਟੂਰ ਲਾਇਆ ਗਿਆ। ਸਵੇਰੇ ਕਰੀਬ 7:30 ਵਜੇ ਬੱਸ ਕਲੱਬ ਦੇ 5-6 ਮੈਂਬਰਾਂ ਨੂੰ ਲੈ ਕੇ ਬੱਸ ਰਵਾਨਾ ਹੋਈ। ਨਵੀ ਚੁਣੀ ਗਈ ਵਰਕਿੰਗ ਕਮੇਟੀ ਦੇ ਪ੍ਰਧਾਨ ਸ੍ਰੀ ਕਰਤਾਰ ਸਿੰਘ ਚਾਹਲ ਦਾ ਇਹ ਪਹਿਲਾ ਟੂਰ ਸੀ। ਹਰ ਇਕ ਦੇ ਚਿਹਰੇ ਉਤੇ ਖੁਸ਼ੀ ਅਤੇ ਉਤਸ਼ਾਹ ਸੀ। ਰਸਤੇ ਵਿਚਲੇ ਮਨਮੋਹਕ ਨਜਾਰਿਆਂ ਨੇ ਇਸ ਟੂਰ ਦੀ ਖੁਸ਼ੀ ਨੂੰ ਦੁੱਗਣਾ ਕਰ ਦਿੱਤਾ। ਬੱਸ ਲਗਭਗ 3 ਘੰਟੇ ਦੇ ਸਫਰ ਤੋਂ ਬਾਅਦ ਪੈਰੀ ਸਾਊਂਡ ਪਹੁੰਚ ਗਈ। ਪਾਰਕ ਵਿਚ ਇਕ ਬਹੁਤ ਵੱਡਾ ਟਾਵਰ ਸੀ, ਜਿਸ ਉਤੇ ਚੜ੍ਹ ਕੇ ਪੂਰੇ ਪੈਰੀ ਸਾਊਂਡ ਨੂੰ ਦੇਖਿਆ ਜਾ ਸਕਦਾ ਸੀ। ਇਸ ਦੌਰਾਨ ਸਾਰਿਆਂ ਨੇ ਪਾਰਕ ਵਿਚ ਬੈਂਚਾਂ ਉਤੇ ਬੈਠ ਕੇ ਸਾਰਿਆਂ ਨੇ ਲੰਚ ਕੀਤਾ। ਉਸ ਤੋਂ ਬਾਅਦ ਫੈਰੀ ਵਿਚ ਸਵਾਰ ਹੋ ਗਏ। ਸਫਰ ਦੌਰਾਨ ਸਾਰਿਆਂ ਨੇ ਮਨਮੋਹਕ ਦ੍ਰਿਸ਼ਾਂ ਦਾ ਨਜਾਰਾ ਮਾਣਿਆ। 3 ਘੰਟੇ ਦੇ ਸਮੁੰਦਰੀ ਨਜਾਰੇ ਦੇਖਣ ਤੋਂ ਬਾਅਦ ਸਾਰੇ ਸਿੱਧੇ ਕਾਲਿੰਗਵੁਡ ਪਹੁੰਚੇ। ਇੱਥੇ ਸਨਸੈਟ ਪੁਆਇੰਟ ਦੇਖਿਆ ਤੇ ਰਾਤ ਕਰੀਬ 9 ਵਜੇ ਸਾਰਿਆਂ ਦੀ ਘਰ ਵਾਪਸੀ ਹੋਈ। ਵਾਪਸ ਆ ਕੇ ਸਾਰਿਆਂ ਨੇ ਵਰਕਿੰਗ ਕਮੇਟੀ ਪ੍ਰਧਾਨ ਜੀ ਦਾ ਬਹੁਤ ਧੰਨਵਾਦ ਕੀਤਾ ਅਤੇ ਘਰਾਂ ਨੂੰ ਚਾਲੇ ਪਾ ਦਿੱਤੇ।

## ਚੀਨ ਨੇ ਕੌਮਾਂਤਰੀ ਉਡਾਣਾਂ ਨੂੰ ਇਜਾਜ਼ਤ ਦਿੱਤੀ,ਪਰ ਭਾਰਤ ਦੇ ਲਈ ਦਰਵਾਜ਼ੇ ਹਾਲੇ ਵੀ ਬੰਦ

ਬੀਜਿੰਗ, 7 ਜੁਲਾਈ (ਪੋਸਟ ਬਿਊਰੋ)- ਚੀਨ ਨੇ ਦੋ ਸਾਲ ਦੀ ਪਾਬੰਦੀ ਪਿੱਛੋਂ ਅੰਤਰਰਾਸ਼ਟਰੀ ਉਡਾਣਾਂ ਨੂੰ ਖੁੱਲ੍ਹ ਦੇਣੀ ਸ਼ੁਰੂ ਕਰ ਦਿੱਤੀ ਹੈ। ਕੋਵਿਡ-19 ਮਹਾਮਰੀ ਕਾਰਨ ਚੀਨ ਨੇ ਦੋ ਸਾਲ ਪਹਿਲਾਂ ਅੰਤਰਰਾਸ਼ਟਰੀ ਉਡਾਣ ਉੱਤੇ ਪਾਬੰਦੀ ਲਾਈ ਸੀ। ਚੀਨ ਨੇ ਪਿਛਲੇ ਮਹੀਨੇ ਭਾਰਤੀ ਪੇਸ਼ੇਵਰਾਂ ਤੇ ਉਨ੍ਹਾਂ ਦੇ ਪਰਵਾਰਾਂ ਲਈ ਵੀਜ਼ਾ ਪਾਬੰਦੀਆਂ ਹਟਾ ਦਿੱਤੀਆਂ ਸਨ ਪਰ ਉਸ ਨੇ ਭਾਰਤ ਲਈ ਹਵਾਈ ਸੇਵਾਵਾਂ ਮੁੜ ਤੋਂ ਸ਼ੁਰੂ ਕਰਨ ਦਾ ਕੋਈ ਸੰਕੇਤ ਨਹੀਂ ਦਿੱਤਾ।

ਸਰਕਾਰੀ ਮੀਡੀਆ ਦੀਆਂ ਖ਼ਬਰਾਂ ਮੁਤਾਬਕ ਚੀਨ ਨੇ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਲਈ ਮਿਥੇ ਹੋਟਲਾਂ ਵਿੱਚ ਇਕਾਂਤਵਾਸ ਦੀ ਮਿਆਦ ਘਟਾ ਕੇ ਸੱਤ ਦਿਨ ਕਰ ਦਿੱਤੀ ਹੈ। ਇਸ ਦੇ ਨਾਲ ਹੀ ਉਹ ਇਸ ਪ੍ਰਕਿਰਿਆ ਨੂੰ ਹੋਰ ਅਨੁਕੂਲ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਚੀਨ ਨੇ ਸਰਕਾਰੀ ਅਖ਼ਬਾਰ 'ਗਲੋਬਲ ਟਾਈਮਜ਼' ਦੀ ਰਿਪੋਰਟ ਮੁਤਾਬਕ ਇਸ ਫ਼ੈਸਲੇ ਨਾਲ ਚੀਨ ਨੂੰ ਜੋੜਨ ਵਾਲੀਆਂ ਉਡਾਣਾਂ ਦੀ ਗਿਣਤੀਦਾ ਕਾਫ਼ੀ ਵਾਧਾ ਹੋਇਆ ਹੈ, ਖਾਸ ਤੌਰ ਉੱਤੇ ਅਮਰੀਕਾ ਨੂੰ ਜੋੜਨ ਵਾਲੀਆਂ ਉਡਾਣਾਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ।ਇਸ ਤੋਂ ਇਲਾਵਾ ਚੀਨ ਤੋਂ ਦੂਜੇ ਦੇਸ਼ਾਂ ਵਿੱਚ ਜਾਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਵੀ ਵਾਧਾ ਹੋਇਆ ਹੈ। ਰਿਪੋਰਟ ਮੁਤਾਬਕ ਇਸ ਹਫ਼ਤੇ ਦੇ ਸ਼ੁਰੂ ਵਿੱਚ 2,025 ਯਾਤਰੀ ਉਡਾਣਾਂ ਮੁੜ ਸ਼ੁਰੂ ਹੋਣ ਵਾਲੀਆਂ ਹਨ। ਰਿਪੋਰਟ ਮੁਤਾਬਕ ਨਵੰਬਰ, 2020 ਤੋਂ ਚੀਨ ਤੇ ਭਾਰਤ ਵਿਚਾਲੇ ਕੋਈ ਰੈਗੂਲਰ ਉਡਾਣ ਨਹੀਂ ਅਤੇ ਦੋਵਾਂ ਦੇਸ਼ਾਂ ਵਿਚਾਲੇ ਅਜੇ ਤਕ ਕੋਈ ਉਡਾਣ ਸੂਚਿਤ ਨਹੀਂ ਹੋਈ ਹੈ। ਚੀਨ ਨੇ ਪਿਛਲੇ ਮਹੀਨੇ ਵੱਖ-ਵੱਖ ਚੀਨੀ ਸ਼ਹਿਰਾਂ ਵਿੱਚ ਕੰਮ ਕਰਨ ਵਾਲੇ ਭਾਰਤੀਆਂ, ਜੋ ਦੋ ਸਾਲਾਂ ਤੋਂ ਭਾਰਤ ਵਿੱਚ ਫਸੇ ਹੋਏ ਹਨ, ਦੇ ਲਈ ਦੋ ਸਾਲ ਦੀ ਵੀਜ਼ਾ ਪਾਬੰਦੀ ਹਟਾ ਦਿੱਤੀ ਹੈ। ਪਰ ਇਨ੍ਹਾਂ ਪੇਸ਼ੇਵਰਾਂ ਲਈ ਚੀਨ ਜਾਣਾ ਬਹੁਤ ਮੁਸ਼ਕਲ ਹੈ, ਕਿਉਂਕਿ ਫਿਲਹਾਲ ਦੋਵਾਂ ਦੇਸ਼ਾਂ ਵਿਚਕਾਰ ਕੋਈ ਵੀ ਉਡਾਣ ਨਹੀਂ ਚਲ ਰਹੀ ਹੈ।

## ਪਤੀ ਸੁਫਨੇ ਵਿੱਚ ਦੂਸਰੀ ਲੜਕੀ ਨਾਲ ਪਿਆਰ ਕਰਦਾ ਸੀ, ਪਤਨੀ ਨੇ ਉੱਬਲਦਾ ਪਾਣੀ ਸੁੱਟਿਆ

ਵਾਸ਼ਿੰਗਟਨ, 7 ਜੁਲਾਈ (ਪੋਸਟ ਬਿਊਰੋ)- 'ਪਤੀ, ਪਤਨੀ ਔਰ ਵੋਹ' ਦੇ ਕੇਸ ਅਕਸਰ ਸੁਣਾਈ ਦਿੰਦੇ ਹਨ ਜਿਸ ਵਿੱਚ ਕਿਸੇ ਤੀਸਰੇ ਕਾਰਨ ਰਿਸ਼ਤੇ ਵਿੱਚ ਤਰੇੜ ਆ ਜਾਂਦੀ ਹੈ, ਪਰ ਪਤਨੀ ਨੂੰ ਸੁਫਨੇ ਵਿੱਚ ਧੋਖਾ ਦੇਣ ਦੀ ਗੱਲ ਤੁਸੀਂ ਪਹਿਲਾਂ ਨਹੀਂ ਸੁਣਿਆ ਹੋਵੇਗਾ। ਇਹੀ ਨਹੀਂ ਇਸ ਦੀ ਵੱਡੀ ਕੀਮਤ ਪਤੀ ਨੂੰ ਚੁਕਾਉਣੀ ਪਈ ਹੈ।

ਇਹ ਘਟਨਾ ਸਾਊਥ ਅਮਰੀਕਾ ਦੇ ਬੋਲੀਵੀਆ ਦੀ ਹੈ ਜਿੱਥੇ ਸੁਫਨੇ ਵਿੱਚ ਕਿਸੇ ਦੂਸਰੀ ਔਰਤ ਨੂੰ ਦੇਖ ਲੈਣ ਤੋਂ ਨਾਰਾਜ਼ ਪਤਨੀ ਨੇ ਸੁੱਤੇ ਪਏ ਪਤੀ ਉੱਤੇ ਉਬਲਦਾ ਪਾਣੀ ਪਾ ਦਿੱਤਾ। ਪਤਨੀ ਨੂੰ ਇਸ ਦੇ ਲਈ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੇ ਸਥਾਨਕ ਮੀਡੀਆ ਨੂੰ ਦੱਸਿਆ, ਮੇਰੇ ਪਤੀ 45 ਸਾਲ ਦੇ ਹਨ। ਸੌਂਦੇ ਸਮੇਂ ਉਹ ਕਿਸੇ ਦੂਸਰੀ ਔਰਤ ਦਾ ਨਾਂਅ ਲੈ ਕੇ ਉਸ ਨਾਲ ਗੱਲਾਂ ਕਰਦੇ ਸਨ ਅਤੇ ਉਸ ਦੇ ਲਈ ਆਪਣਾ ਪਿਆਰ ਪ੍ਰਗਟਾਅ ਰਹੇ ਸਨ। ਇਹ ਦੇਖ ਕੇ ਮੈਨੂੰ ਬਹੁਤ ਗੁੱਸਾ ਆਇਆ। ਮੈਂ ਰਸੋਈ ਵਿੱਚ ਗਈ ਅਤੇ ਉਬਲਦੇ ਹੋਏ ਪਾਣੀ ਨਾਲ ਭਰਿਆ ਭਾਂਡਾ ਲਿਆ ਕੇ ਉਸ ਦੇ ਪੂਰੇ ਸਰੀਰ ਉਤੇ ਸੁੱਟ ਦਿੱਤਾ।ਪੁਲਸ ਮੁਤਾਬਕ ਉਬਲਦੇ ਪਾਣੀ ਕਾਰਨ ਪਤੀ ਦੇ ਹੱਥ, ਪਿੱਠ ਅਤੇ ਸਰੀਰ ਦੇ ਕਈ ਹਿੱਸੇ ਬੁਰੀ ਤਰ੍ਹਾਂ ਸੜ ਗਏ, ਜਿਸ ਪਿੱਛੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ।ਸਪੈਸ਼ਲ ਕਰਾਈਮ ਫਾਈਟਿੰਗ ਫੋਰਸ ਦੇ ਡਿਪਟੀ ਡਾਇਰੈਕਟਰ ਨੇ ਦੱਸਿਆ, ਇਹ ਪਹਿਲੀ ਵਾਰ ਨਹੀਂ, ਜਦ ਪਤੀ ਉਤੇ ਉਸ ਦੀ ਪਤਨੀ ਨੇ ਏਦਾਂ ਦਾ ਜਾਨ ਲੇਵਾ ਹਮਲਾ ਕੀਤਾ ਹੋਵੇ। ਇਸ ਤੋਂ ਪਹਿਲਾਂ ਇਸੇ ਔਰਤ ਨੇ ਆਪਣੇ ਪਤੀ ਉੱਤੇ ਸ਼ਰਾਬ ਛਿੜਕ ਕੇ ਉਸ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਸੀ। ਪਤਾ ਨਹੀਂ ਕਿ ਉਸ ਸਮੇਂ ਔਰਤ ਨੇ ਕਿਸ ਗੱਲ ਤੋਂ ਨਾਰਾਜ਼ ਹੋ ਕੇ ਪਤੀ ਉੱਤੇ ਹਮਲਾ ਕੀਤਾ ਸੀ। ਫਿਲਹਾਲ ਜੇ ਸੁਫਨੇ ਦੀ ਵਜ੍ਹਾ ਨਾਲ ਔਰਤ ਨੇ ਅਜਿਹਾ ਕਦਮ ਚੁੱਕਿਆ ਤਾਂ ਇਹ ਬੇਹੱਦ ਹੈਰਾਨ ਕਰਨ ਵਾਲਾ ਹੀ ਹੈ।

# ਕੈਮਬ੍ਰਿਜ ਗੁਰਦੁਆਰਾ ਸਾਹਿਬ ਵਿਖੇ ਪੰਜਾਬੀ ਕਲਾਸਾਂ ਦੀ ਸ਼ੁਰੂਆਤ

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੈਮਬ੍ਰਿਜ ਪ੍ਰਬੰਧਕ ਕਮੇਟੀ ਵਲੋਂ ਸ਼ੁਰੂ ਕੀਤੀਆਂ ਗਈਆਂ ਪੰਜਾਬੀ ਕਲਾਸਾਂ ਵਿਚ ਬੱਚੇ ਉਤਸ਼ਾਹ ਨਾਲ ਸਿਖਲਾਈ ਪ੍ਰਾਪਤ ਕਰ ਰਹੇ ਹਨ, ਇਸ ਸਬੰਧੀ ਜਾਣਕਾਰੀਦਿੰਦੇ ਹੋਏ ਭਾਈ ਜੈਦੀਪ ਸਿੰਘ ਹੈਡ ਗ੍ਰੰਥੀ ਨੇ ਦਸਿਆ ਗੁਰਦ-ਆਰਾ ਸਾਹਿਬ ਵਿਖੇ ਜਿੱਥੇ ਰੋਜਾਨਾ ਕਥਾ ਕੀਰਤਨ ਦੇ ਪ੍ਰਵਾਹ ਚਲਦੇ ਹਨ ਉਥੇ ਹੀ ਪੰਜਾਬੀ ਕਲਾਸਾਂ ਦੀ ਸ਼ੁਰੂਆਤ ਨਵੇਂ ਸਿਰੇ ਤੋਂ ਕੀਤੀ ਗਈ ਹੈ ਉਹਨਾਂ ਨੇ ਕਿਹਾ ਕੇ ਕੋਰੋਨਾ ਦੀ ਬਿਮਾਰੀ ਸਮੇਂ ਇਹ ਕਲਾਸਾਂ ਬੰਦ ਕੀਤੀਆਂ ਗਈਆਂ ਸਨ/ ਉਹਨਾਂ ਨੇ ਹੋਰ ਵੀ ਸੰਗਤਾਂ ਨੂੰ ਬੇਨਤੀ ਕੀਤੀ ਕੇ ਆਪਣੇ ਬੱਚਿਆਂ ਨੂੰ ਇਹਨਾਂ ਕਲਾਸਾਂ ਵਿਚ ਭੇਜੋ ਤਾਂ ਕੇ ਉਹ ਗੁਰਮੁਖੀ ਪੰਜਾਬੀ ਦੀ ਸਿਖਲਾਈ ਲੈ ਕੇ ਆਪਣੇ ਅਮੀਰ ਵਿਰਸੇ ਨਾਲ ਜੁੜ ਸਕਣ /ਜਿਕਰਯੋਗ ਹੈ ਇਹਨਾਂ ਕਲਾਸਾਂ ਵਿਚ ਸੁੱਖਵਿੰਦਰ ਕੌਰ ਸੁਚੱਜੇ ਤਰੀਕੇ ਨਾਲ ਆਪਣੀਆਂ ਸੇਵਾਵਾਂ ਦੇ ਰਹੇ ਹਨ



# ਸੀਨੀਅਰ ਸੈਕੰਡਰੀ ਸਕੂਲ ਛਾਜਲੀ ਦਾ ਵੱਖ-ਵੱਖ ਗਰੁੱਪਾਂ ਦਾ ਨਤੀਜਾ 100 ਫੀਸਦੀ ਰਿਹਾ

## ਜਗਦੀਸ਼ ਕੌਰ 486/500 97.02%, ਜਸ਼ਨਪ੍ਰੀਤ ਕੌਰ 485/500 97% ਤੇ ਪੁਸ਼ਵਿੰਦਰ ਕੌਰ 479/500 95.08% ਅੰਕ ਪ੍ਰਾਪਤ ਕੀਤੇ

ਸੰਗਰੂਰ, 7 ਜੁਲਾਈ (ਪੋਸਟ ਬਿਊਰੋ): ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 12ਵੀਂ ਜਮਾਤ ਦੇ ਸ਼ਾਨਦਾਰ ਨਤੀਜਿਆਂ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਜ਼ਿਲ੍ਹਾ ਸੰਗਰੂਰ ਦਾ ਨਤੀਜਾ ਵੱਖ ਵੱਖ ਗਰੁੱਪਾਂ ਵਾਈਸ 100 ਫੀਸਦੀ ਰਿਹਾ ।ਸਕੂਲ ਦੇ ਪ੍ਰਿੰਸੀਪਲ ਸ੍ਰੀ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਬਾਰ੍ਹਵੀਂ ਪ੍ਰੀਖਿਆ ਵਿਚ ਕੁੱਲ 340 ਵਿਦਿਆਰਥੀ ਬੈਠੇ ਜੋ ਕਿ ਸਾਰੇ ਹੀ ਵਧੀਆ ਨੰਬਰ ਲੈਕੇ ਪਾਸ ਹੋਏ ਹਨ।ਕਮਰਸ ਵਿਸ਼ੇ ਦੀਆਂ ਵਿਦਿਆਰਥਣਾਂ ਜਗਦੀਸ਼ ਕੌਰ 486/500 97.02%, ਜਸ਼ਨਪ੍ਰੀਤ ਕੌਰ 485/500 97% ਤੇ ਪੁਸ਼ਵਿੰਦਰ ਕੌਰ 479/500 95.08% ਅੰਕ ਪ੍ਰਾਪਤ ਕੀਤੇ।ਸਾਇੰਸ ਗਰੁੱਪ ਵਿਚੋਂ ਕਮਲਦੀਪ ਸਿੰਘ ਨੇ 482/500 96.04%, ਰਮਨਦੀਪ ਕੌਰ 469/500 91.08% ਤੇ ਗੁਰਲੀਨ ਕੌਰ 452/500 90.04% ਅੰਕ ਪ੍ਰਾਪਤ ਕੀਤੇ।ਆਰਟਸ ਗਰੁੱਪ ਵਿਚੋਂ ਅਰਸ਼ਪ੍ਰੀਤ ਕੌਰ 470/500 94%, ਰਵੀਨਾ 469/500 93.08%, ਰਮਨਪ੍ਰੀਤ ਕੌਰ 469/500 93.08% ਤੇ ਰਾਜਵੀਰ ਕੌਰ 467/500 93.04% ਅੰਕ ਪ੍ਰਾਪਤ ਕੀਤੇ।ਵੋਕੇਸ਼ਨਲ ਗਰੁੱਪ ਵਿਚ ਅਜੇ ਕੁਮਾਰ 465/500 93%, ਗਗਨਦੀਪ ਸਿੰਘ 425/500 90.04% ਅਤੇ ਰਵੀ ਕੁਮਾਰ 447/500 89.4% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ । ਇਸ ਸ਼ਾਨਦਾਰ ਨਤੀਜੇ ਸੰਬੰਧੀ ਐੱਸ, ਐੱਮ.ਸੀ ਕਮੇਟੀ ਚੇਅਰਮੈਨ ਬਲਜੀਤ ਸਿੰਘ, ਸਰਪੰਚ ਸ੍ਰੀਮਤੀ ਪਰਮਜੀਤ ਕੌਰ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੇ ਸਕੂਲ ਦੇ ਸਮੁੱਚੇ ਸਟਾਫ ਨੂੰ ਵਧਾਈ ਦਿੱਤੀ।ਇਸ ਨਤੀਜੇ ਦਾ ਸਿਹਰਾ ਪ੍ਰਿੰਸੀਪਲ ਸ੍ਰੀ ਗੁਰਵਿੰਦਰ ਸਿੰਘ ਜੀ ਅਤੇ ਸਕੂਲ ਦੇ ਸਾਰੇ ਮਿਹਨਤੀ ਸਟਾਫ਼ ਨੂੰ ਜਾਂਦਾ ਹੈ ।

ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਵੀਨਾ ਰਾਣੀ, ਬਲਵੰਤ ਸਿੰਘ, ਮੈਡਮ ਇੰਦਰਾ, ਮੈਡਮ ਸੀਮਾ ਰਾਣੀ, ਅਮਨੀਸ਼ ਕੁਮਾਰ, ਰਣਜੀਤ ਕੌਰ, ਮੈਡਮ ਹਰਦੀਪ ਕੌਰ, ਜਸਵਿੰਦਰ ਸਿੰਘ, ਬਲਵਿੰਦਰ ਸਿੰਘ ਹਾਜ਼ਰ ਸਨ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769




STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਣੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal
Co-Host
Cell:416-587-5520
Email: iqbalmahal46@gmail.com
Iqbal Mahal
Producer & Host
Serving the South Asian Community Since 1976

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 31 ਸਾਲ ਕੱਦ 5 ਫੁੱਟ 6 ਇੰਚ ਕੈਨੇਡੀਅਨ ਸਿਟੀਜ਼ਨ ਪਰਿਵਾਰਕ ਲੜਕੀ ਲਈ ਪੜ੍ਹੇ ਲਿਖੇ ਵੈੱਲ ਸੈਟਲਡ ਪਰਿਵਾਰਕ ਲੜਕੇ ਦੀ ਲੋੜ ਹੈ ਜਾਣਕਾਰੀ ਲਈ 6475268700, 4166253208

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੀਡ ਇੰਸਟ੍ਰਕਟਰ
647-998-7500 ਬਲਵਿੰਦਰ


ID MEDIA
GOLD CREW ENTERTAINMENT PROUDLY
PRESENTS
GOLDCREW
FLYING J
JOGA SANDHAR
GARRY DHUGGA
JASBIR DHESI
BLUE ROSE
REALTY INC. BROKERAGE
Balwinder Singh
RAJVIR JAWANDA
MANPREET TOOR
Rang Punjab de
ਰੰਗ ਪੰਜਾਬ ਦੇ
SCAN HERE
WWW.TICKETMASTER.CA
SATURDAY, JULY 16TH
PARAMOUNT FINE FOODS CENTRE
(5500 ROSE CHERRY PL, MISSISSAUGA, ON, L4Z 4B6)
BALWINDER THIND: 647.273.2025 | GARRY THIND: 416.829.9860
LIVE IN
TORONTO
HOSTED BY MANPREET TOOR
GOLD SPONSORS
JMD EXPRESS
PANKAJ SAPRA
GOLDY SANDHU
416 722 2385
647 802 9345
100 ACRES
JUST-RITE
UNITED PETROLEUM TRANSPORT
SKYDOME GROUP OF COMPANIES
SILVER SPONSORS
AIRPRO Mechanical
cross merge
FRIENDS
BVD Group
GULFLINE GROUP LTD
Infinity HVAC Ltd.
mpi print & packaging
WAVE FREIGHT SYSTEMS LTD
CIC
Ameri-Can SYSTEMS
BRONZE SPONSORS
NEW GEN TRUCK DRIVING SCHOOL LTD
InsuranceBazaar
VISIONCRAFTERS
JASS CONSTRUCTION INC
AUTOBAHN
ROYAL CANADIAN PLUMBING INC
JET IMMIGRATION
Capital Hands
ID MEDIA
EMERALD
DIAMOND HOME RENOVATION
TRUSTED TRUCK SALES
Charger Truck Sales
RANJEET UPPAL
Best Bargain CARPET & FLOORING LTD
DALJIT SINGH | KULDEEP JOSAN | DALJEET VIRK | RAMAN THIND | BRINDERPAL THIND




# ਪ੍ਰਸ਼ਾਸਨ ਵੱਲੋਂ ਆਪਣੀ 'ਡਰਾਈਵਵੇਅ' ਵਿੱਚ ਪਾਰਕਿੰਗ ਕਰਨ ਵਾਲੇ ਜੋੜੇ ਨੂੰ 36 ਸਾਲਾਂ ਬਾਅਦ ਜੁਰਮਾਨਾ

ਸਾਨ ਫਰਾਂਸਿਸਕੋ, 7 ਜੁਲਾਈ (ਪੋਸਟ ਬਿਊਰੋ)- ਸਾਨ ਫਰਾਂਸਿਸਕੋ ਪ੍ਰਸ਼ਾਸਨ ਨੇ ਇੱਕ ਅਜੀਬ ਫੈਸਲਾ ਕੀਤਾ ਹੈ, ਜਿਸ ਵਿੱਚ ਆਪਣੇ ਹੀ 'ਡਰਾਈਵਵੇਅ' ਵਿੱਚ ਪਾਰਕਿੰਗ ਕਰਨ ਵਾਲੇ ਜੋੜੇ ਨੂੰ 36 ਸਾਲ ਬਾਅਦ ਜੁਰਮਾਨਾ ਕੀਤਾ ਗਿਆ ਹੈ, ਜਿਸ ਤੋਂ ਹਰ ਕੋਈ ਹੈਰਾਨ ਹੋ ਰਿਹਾ ਹੈ। ਜੂਡੀ ਅਤੇ ਐਡ ਕ੍ਰੇਨ ਸੈਨ ਫਰਾਂਸਿਸਕੋ ਵਿੱਚ ਬੀਤੇ 36 ਸਾਲਾਂ ਤੋਂ ਰਹਿ ਰਹੇ ਹਨ ਅਤੇ ਉਦੋਂ ਤੋਂ ਰੋਜ਼ ਦਿਨ ਅਤੇ ਰਾਤ ਆਪਣੇ ਘਰ ਦੇ ਸਾਹਮਣੇ ਇੱਕ ਕਾਰ 'ਡਰਾਈਵਵੇਅ' ਦੀ ਵਰਤੋਂ ਕਰਨ ਉੱਤੇ ਸਾਨ ਫਰਾਂਸਿਸਕੋ ਯੋਜਨਾ ਵਿਭਾਗ ਤੋਂ 1,542 ਡਾਲਰ ਜੁਰਮਾਨੇ ਦਾ ਹੁਕਮ ਮਿਲਿਆ ਹੈ। ਕ੍ਰੇਨਜ਼ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੀ ਕਾਰ 'ਡਰਾਈਵਵੇਅ' ਵਿੱਚ ਹਰ ਦਿਨ ਵਾਧੂ 250 ਡਾਲਰ ਜੁਰਮਾਨਾ ਲਾਇਆ ਜਾਵੇਗਾ। ਉਹ ਦਹਾਕਿਆਂ ਪੁਰਾਣੇ 'ਸਿਟੀ ਕੋਡ' ਤੋਂ ਅਣਜਾਣ ਸਨ, ਜੋ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਅੱਗੇ ਕਾਰਾਂ ਪਾਰਕ ਕਰਨ ਤੋਂ ਰੋਕਦਾ ਹੈ, ਜਦੋਂ ਤਕ ਕਾਰ ਗੈਰੇਜ ਦੇ ਮੂਹਰੇ ਜਾਂ ਕਿਸੇ ਕਿਸਮ ਦੇ ਕਵਰ ਦੇ ਹੇਠਾਂ ਨਾ ਹੋਵੇ। ਜੂਡੀ ਕ੍ਰੇਨ ਨੇ ਕਿਹਾ ਮੈਂ ਉਨ੍ਹਾਂ ਨੂੰ ਇਹ ਕਹਿੰਦੇ ਹੋਏ ਵਾਪਸ ਲਿਖਿਆ ਕਿ ਇਹ ਇੱਕ ਗਲਤ ਫੈਸਲਾ ਹੈ, ਉਹ ਆਪਣੇ ਘਰ ਦੇ ਸਾਹਮਣੇ ਕੰਕਰੀਟ ਪੈਡ ਉੱਤੇ ਗੱਡੀ ਖੜ੍ਹੀ ਕਰ ਰਹੇ ਹਨ। ਉਨ੍ਹਾਂ ਦਾ ਘਰ 1910 ਦਾ ਹੈ, ਭਾਵ ਮਾਲਕ 100 ਸਾਲਾਂ ਤੋਂ ਵੱਧ ਸਮੇਂ ਤੋਂ ਉਸ 'ਡਰਾਈਵਵੇਅ' ਵਿੱਚ ਬੱਗੀਆਂ ਤੇ ਕਾਰਾਂ ਪਾਰਕ ਕਰ ਰਹੇ ਹਨ। ਕਮਾਲ ਦੀ ਗੱਲ ਹੈ ਕਿ ਐਡ ਕ੍ਰੇਨ ਨੂੰ 1938 ਦੀ ਇੱਕ ਹਵਾਈ ਤਸਵੀਰ ਦੇ ਰੂਪ ਵਿੱਚ ਕੁਝ ਸਬੂਤ ਮਿਲੇ ਹਨ, ਜੋ ਉਨ੍ਹਾਂ ਦੇ ਘਰ ਨੂੰ ਦਰਸਾਉਂਦਾ ਹੈ ਕਿ ਬੱਘੀਆ ਜਾਂ ਕਾਰਾਂ ਇੱਥੇ ਹੀ ਖੜ੍ਹਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਨੇ ਜੋ ਫੈਸਲਾ ਕੀਤਾ ਕਿ ਉਹ ਚੰਗਾ ਨਹੀਂ ਹੈ।







Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE IN BRANTFORD
SHELLARD LN / CONKLIN RD
2000 sq feet ਦਾ Semi-Detached ਘਰ
4 ਬੈੱਡਰੂਮ+4 ਵਾਸਰੂਮ+3 ਕਾਰ ਪਾਰਕਿੰਗ
ਸਟੇਨਲੇਸ ਸਟੀਲ ਉਪਕਰਨ
ਫਨਿਸ਼ਡ ਬੇਸਮੈਂਟ
ਰਸੋਈ ਵਿੱਚ ਪੋਰਸਲਿਨ ਫਲੋਰ ਟਾਇਲਸ
ਕੁਆਰਟਜ਼ ਕਾਊਂਟਰ ਟੌਪ
ਮਾਸਟਰ ਬੈੱਡਰੂਮ ਵਿੱਚ 4 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ
JUST LISTED FOR SALE IN BRAMPTON
WILLIAMS PKWY / CHINGUACOUSY RD
2500 - 3000 sq feet
Detach ਘਰ, ਡਬਲ ਡੋਰ ਐਂਟਰੀ
4 ਬੈੱਡਰੂਮ + ਕੰਪਿਊਟਰ ਲੋਫਟ + 3 ਵਾਸਰੂਮ + 2 ਕਾਰ ਗੈਰੇਜ
ਮਾਸਟਰ ਬੈੱਡਰੂਮ ਵਿੱਚ 5 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ
ਸਟੇਨਲੇਸ ਸਟੀਲ ਉਪਕਰਨ
ਹਾਈਵੇਅ 403 ਦੇ ਨੇੜੇ
SOLD WILLIAMS PKWY / CENTRE ST
SOLD WILLIAMS PKWY / ROYAL ORCHARD
SOLD QUEEN ST / DIXIE RD
SOLD SANDALWOOD / BRAIDWOOD LAKE
SOLD HOWDEN BLVD / WILLIAM PRWY
SOLD QUEEN ST / MCLAUGHLIN
SOLD HWY 10 / BOVAID DR
SOLD GOREWAY DR / QUEEN ST E
FREE
Full MLS Services
Consistently Marketing Your Property Until SOLD
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
Competitive Rates, Exceptional Service & Award Winning Results
RE/MAX Realty Specialists Inc. Brokerage
Off: 905-456-3232
*Some Conditions Apply.
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
JUNE 2022


ROYAL CANADIAN International CIRCUS
UNDER THE BIG TOP
July 21–August 28
ETOBICOKE, SCARBOROUGH, MISSISSAUGA, BURLINGTON
2 for 1
GENERAL ADMISSION
TICKETS
at www.royalcanadiancircus.ca
promo code Punjabi


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017